

ਡਿਜੀਟਲ ਕਲਮਾਂ ਵਾਲੇ
ਪੁਲ
ਅਗਸਤ 2024

# ਡਿਜੀਟਲ ਕਲਮਾਂ ਵਾਲੇ

## ਅਗਸਤ 2024



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਡਿਜੀਟਲ ਕਲਮਾਂ ਵਾਲੇ

## ਅਗਸਤ 2024

## ( ਅੰਕ ਦੂਜਾ )

ਇੰਸਟਾਗ੍ਰਾਮ : AUNDE_JANDE_KHIYAL

ਮੋਬਾਈਲ ਨੰਬਰ : ±91 9779670711

ਪੀ ਡੀ ਐੱਫ ਐਡੀਟਰ : GURIGURPREET498

Published on: 01 August 2024

ਸੰਪਾਦਕ : ਕਰੇਜ਼ੀ ਰਾਇਟਰ, ਰਜਵਿੰਦਰ ਕੌਰ, ਗੁਰਪ੍ਰੀਤ ਗੁਰੀ, ਰਬਾਬਪ੍ਰੀਤ ਕੌਰ

DIGITALKALMANWALE@GMAIL.COM

# ਤਤਕਰਾ


| | | |
|---|---|---|
| 1. | ਸਰਿਕਦੀ ਮੁੱਖੋ | 5 |
| 2. | ਯੂ.ਕੇ. ਅਤੇ ਰਾਵੀ | 14 |
| 3. | ਕਿੱਸਾ ਏ ਮੁਹੱਬਤ | 26 |
| 4. | ਬਾਬੇ ਨੇ ਕਹਿਤਾ ਮੁੰਡਾ ਹੀ ਹੋਊ | 36 |
| 5. | ਇੰਸਟਾਗ੍ਰਾਮ ਦੀ ਠੰਡਕ | 46 |
| 6. | ਗੁੱਡੀ | 50 |
| 7. | ਮਰਦਾਨੀ | 56 |
| 8. | ਸਾਡਾ ਬਚਪਨਾ | 62 |
| 9. | ਆਦਮੀ ਦੀ ਕੀਮਤ | 65 |
| 10. | ਹੁਣ ਮੋਬਾਈਲ ਦੋਸ਼ੀ ਹੋ ਗਿਆ ? | 67 |
| 11. | ਹੱਸਦੇ ਚੰਗੇ ਲੱਗਦੇ ਨੇ | 71 |
| 12. | ਰੋਗ ਅਵੱਲਾ ਲਾਇਆ ਹੈ | 72 |
| 13. | ਸਾਂਝ | 73 |
| 14. | ਫੁੱਲਾਂ ਦੀ ਤਰੇਲ | 74 |
| 15. | ਬੀਤੇ ਸਾਲ | 75 |
| 16. | ਸੱਚ ਦੀ ਗੱਲ | 76 |
| 17. | ਰੂਹ ਦਾ ਹਾਣੀ | 77 |
| 18. | ਰੱਬ | 78 |
| 19. | ਸ਼ਾਇਰ | 79 |

| | | |
|---|---|---|
| 20. | ਕਿਤਾਬਾਂ | 80 |
| 21. | ਬਰਬਾਦ | 81 |
| 22. | ਗੁੰਮਨਾਮ | 82 |
| 23. | ਸਿਫ਼ਤ | 83 |
| 24. | ਡਿਜੀਟਲ ਖੋਤੇ | 84 |
| 25. | ਮੋਹ | 86 |
| 26. | ਤੇਰੀ ਸ਼ਾਇਰੀ | 87 |
| 27. | ਸ਼ਾਇਰ | 88 |
| 28. | ਬੇਫ਼ਿਕਰ ਰਹੀਂ | 89 |
| 29. | ਮਹਿਫ਼ਿਲ ਲੱਗੀ ਤੇ ਤੇਰੀ ਗੱਲ ਹੋਈ | 91 |
| 30. | ਕਵਿਤਾ ਵਰਗੀ | 94 |
| 31. | ਬਦਲ ਰਿਹਾ ਮੇਰਾ ਪੰਜਾਬ | 95 |
| 32. | ਤੇਰੇ ਤੋਂ ਸੰਭਾਲ ਨੀ ਹੋਇਆ | 96 |
| 33. | ਤਨਹਾਈ | 98 |
| 34. | ਪੰਜਾਬ ਜਿਹੀ | 100 |

# ਸਹਿਕਦੀ ਮੁੱਖੋ

ਨੀ ਤੇਰੀ ਆਈ ਮੈਂ ਮਰਦੀ ਧੀਏ ਤੇਰਾ ਵਿਛੋੜਾ ਜਰਿਆ ਨਾ ਜਾਵੇ
ਹਾਏਏਏਏਏਏਏਏਏ ਹਾਏਏਏਏਏਏਏਏ
ਮੇਰੇ ਹੱਥੋਂ ਟੁਕੜੇ ਛੁੱਟਣ ਮੇਰੀਏ ਰਾਣੀਏ ਧੀਏ। ਹਾਏਏਏਏਏਏਏਏ

ਤੇਰੇ ਮਗਰੋਂ ਤੇਰੀ ਲਾਦ ਦੇ ਵੈਰੀ ਬਣਗੇ ਵੇ ਮੇਰੇ ਸਿਰ ਦਿਆ ਸਾਂਈਆਂ ਹਾਏ ਹਾਏ

ਚੰਦ ਕੌਰ ਦੇ ਅੱਧੀ ਰਾਤ ਨੂੰ ਪਾਏ ਕੀਰਨੇ ਦਿਲ ਨੂੰ ਹੌਲ ਪਾਉਂਦੇ ਸੁਣਨ ਵਾਲੇ ਦਾ ਵੀ ਦਿਲ ਬੈਠ ਜਾਂਦਾ ।ਕਮਲੀ ਜਿਹੀ ਹੋ ਗਈ ਚੰਦ ਕੌਰ ਹੋਵੇ ਵੀ ਕਿਉਂ ਨਾ ਵਸਦੇ ਰਸਦੇ ਘਰ ਦਾ ਉਜਾੜਾ ਹੋ ਗਿਆ । ਮੇਰੇ ਨਾਨਕੇ ਪਿੰਡ ਦੀ ਸੀ ਚੰਦ ਕੌਰ ਤੇ ਹੁਣ ਉਹ ਮੇਰੀ ਮਾਮੀ ਦੇ ਗਵਾਂਢ ਵਿੱਚ ਰਹਿੰਦੀ ਸੀ ।

ਚੰਦ ਕੌਰ ਦੀ ਧੀ ਲਾਡਾਂ ਨਾਲ ਪਾਲੀ ਸੀ ਮੁੱਖੋ ਸੋਹਣੀ ਵੀ ਉਹ ਮਾਸੂਮ ਬੱਚਿਆਂ ਵਾਂਗੂੰ ਸੀ ਬਾਪੂ ਕਾਕੇ ਦੀ ਪਰੀ । ਕਾਕਾ ਸਰਪੰਚ ਸੀ ਜਦੋਂ ਕਿਸੇ ਫੈਸਲੇ ਲਈ ਉਹ ਪੰਚਾਇਤ ਘਰ ਜਾਂਦਾ ਨਾਲ ਮੁੱਖੋ ਵੀ ਜਾਣ ਲਈ ਪਹਿਲਾਂ ਈ ਜੀਪ ਵਿੱਚ ਬੈਠੀ ਹੁੰਦੀ ।
ਕਾਕੇ ਸਰਪੰਚ ਨੇ ਮੁੱਖੋ ਨੂੰ ਕਹਿਣਾ ਹਾਂਜੀ ਪਹਿਲਵਾਨ ਜੀ ਕਿਵੇਂ ਫਿਰ ਆਪਾਂ ਕਿੱਧਰ ਨੂੰ ਤਿਆਰ ਆ ਹੁਣ ?

ਪਾਪੂ ਮੈਂ ਵੀ ਸਰਪੰਚ ਆ ਜੋ ਤੁਸੀਂ ਉ ਉਹੀ ਮੈਂ ਵੀ ਆ । ਹੁਣ ਚਲੋ ਚੱਲੀਏ ਲੇਤ ਹੋ ਗੇ ਲੇਤ ਕਾਕੇ ਸਰਪੰਚ ਨੇ ਉੱਚੀ ਉੱਚੀ ਹੱਸਣਾ ।

ਜਦੋਂ ਮੁੱਖੋ ਝਾਂਜਰਾਂ ਪਾ ਕੇ ਛਣ ਛਣ ਕਰਦੀ ਸੀਟੀ ਵਾਲੇ ਸੈਂਡਲਾਂ ਨਾਲ ਵਿਹੜੇ ਵਿੱਚ ਘੁੰਮਦੀ ਵਿਹੜੇ ਵਿੱਚ ਰੌਣਕ ਜਿਹੀ ਰਹਿੰਦੀ ।

ਕਦੋਂ ਮੁੱਖੋ ਮੁਟਿਆਰ ਹੋ ਗਈ ਪਤਾ ਨਹੀਂ ਲੱਗਿਆ ਨਿੱਕੀ ਜਿਹੀ ਮੁੱਖੋ ਸੋਹਣੀ ਸੁਨੱਖੀ ਮੁਟਿਆਰ ਪਰੀਆਂ ਦੀ ਵੂਈ ਭੰਨਦੀ ਸੀ ।

ਮਾਂ ਨੇ ਦਿਨ ਢਲਦੇ ਨਾਲ ਕੁੜੀ ਉੱਤੋ ਦੀ ਸੱਤ ਮਿਰਚਾਂ ਵਾਰਨੀਆਂ ਤੇ ਚੁੱਲ੍ਹੇ ਵਿੱਚ ਸੁੱਟਣੀਆਂ ਤੇ ਕਹਿਣਾ ...... ਚੰਦਰੇ ਲੋਕਾਂ ਦੀ ਨਿਗ੍ਹਾ ਚ ਆਉਂਦੀ ਆ ਰੋਜ ਅੱਖਾਂ ਪਾੜ ਪਾੜ ਕੇ ਲੰਘਦੇ ਆ ... ਪੁੱਤ ਤੂੰ ਗੁਲਾਬੀ ਸੂਟ ਨਾ ਪਾਇਆ ਕਰ ਰੰਗ ਨਾਲ ਈ ਮੇਲ ਖਾ ਜਾਂਦਾ ।

ਸਰਪੰਚ ਸਾਬ ਨੇ ਗੱਲ ਸੁਣ ਕੇ ਉੱਚੀ ਉੱਚੀ ਹੱਸਣਾ ਤੇ ਬੋਲਣਾ ਭਲੀਏ ਮਾਣਸੇ ਮੇਰੇ ਪੁੱਤ ਤੇ ਸਾਰੇ ਰੰਗ ਸੋਹਣੇ ਲੱਗਦੇ ਆ।

ਮੁੱਖੋ ਨੇ ਨਰਸਿੰਗ ਕਾਲਜ ਵਿੱਚ ਐਡਮੀਸ਼ਨ ਲੈ ਲਈ । ਪਿਓ ਨੂੰ ਰੱਜਵਾਂ ਮਾਣ ਧੀ ਤੇ । ਬਾਪੂ ਦੀ ਜੀਪ ਵਿੱਚ ਬੈਠ ਜਦੋਂ ਕਾਲਜ ਜਾਣ ਵਾਸਤੇ ਜੀਪ ਦੀ ਸੈਲਫ ਮਾਰਨੀ ਤਾਂ ਬਾਪੂ ਨੇ ਉੱਧਰੋਂ ਈ ਬੁਰਰਰਰਰਰਰਾ ਦਾ ਲਲਕਾਰਾ ਮਾਰਨਾ ਤੇ ਪੱਟ ਤੇ ਥਾਪੀ ਮਾਰਨੀ ਮਾਪਿਆਂ ਦੀ ਕੱਲੀ ਧੀ ਪਿਓ ਦੀ ਆੜੀ ਸੀ ਮੁੱਖੋ ।

ਭਾਵੇਂ ਕਾਕੇ ਸਰਪੰਚ ਹੋਣੀ ਪੰਜ ਭਰਾ ਸੀ ਤੇ ਘਰ ਵੱਖਰੋ ਵੱਖਰੇ ਸੀ ਪਰ ਪਿਆਰ ਬੜਾ ਸੀ ਸਾਰਿਆਂ ਵਿੱਚ । ਪਿੰਡ ਦੀ ਪੁਰਾਣੀ ਸੋਚ ਵੀ ਕੁੜੀ ਨੂੰ ਐਨਾ ਨਹੀਂ ਪੜਾਉਣਾ ਬਸ ਲਿਖਣ ਪੜ੍ਹਨ ਜੋਗਾ ਹੋ ਗਈ... ਹੁਣ ਚੰਗਾ ਘਰ ਵੇਖ ਕੇ ਵਿਆਹ ਕਰ ਦਿਉ ... ।

ਪਰ ਮੁੱਖੋ ਦੀ ਡਾਕਟਰ ਬਣਨ ਦੇ ਸੁਪਨੇ ਨੂੰ ਕਾਕੇ ਸਰਪੰਚ ਨੇ ਖੰਭ ਲਾ ਦਿੱਤੇ ।

ਮੁੱਖੋ ਨਰਸਿੰਗ ਦੇ ਦੂਜੇ ਸਾਲ ਵਿੱਚ ਸੀ ਕਿ ਕਿਸੇ ਗੱਭਰੂ ਨੇ ਮੁੱਖੋ ਦੇ ਦਿਲ ਵਿੱਚ ਘਰ ਬਣਾ ਲਿਆ । ਜਾਤ ਭਾਵੇਂ ਮੁੰਡੇ ਦੀ ਘੁਮਿਆਰ ਸਿੱਖ ਸੀ ਪਰ ਮੁੰਡਾ ਸਰਦੇ ਪੁੱਜਦੇ ਘਰ ਦਾ ਪੁੱਤ ਸੀ ।

ਪਿਆਰ ਹੁਣ ਸਿਖਰਾਂ ਤੇ ਪਹੁੰਚ ਗਿਆ ਸੀ ਤੇ ਜਦੋਂ ਕਾਕੇ ਸਰਪੰਚ ਨਾਲ ਮੁੱਖੋ ਨੇ ਗੱਲ ਕੀਤੀ ਤਾਂ ਪਹਿਲਾਂ ਤਾਂ ਉਹਨੇ ਝਿੜਕਿਆ ਤੇ ਫਿਰ ਧੀ ਦੇ ਪਿਆਰ ਤੇ ਫੁੱਲ ਚੜ੍ਹਾ ਦਿੱਤੇ । ਮੁੱਖੋ ਖ਼ੁਸ਼ ਸੀ ਬਹੁਤ ਖ਼ੁਸ਼ ਮੁੰਡੇ ਵਾਲਿਆਂ ਨਾਲ ਮਿਲਣ ਦਾ ਸਮਾਂ ਤੈਅ ਕੀਤਾ ਗਿਆ ।

ਬੁੱਧਵਾਰ ਦਾ ਦਿਨ ਤੈਅ ਕੀਤਾ ਗਿਆ ਮੁਲਾਕਾਤ ਦਾ । ਮੁੱਖੋ ਦੇ ਮੂੰਹ ਤੇ ਰੌਣਕ ਆ ਗਈ। ਬਸ ਹੁਣ ਬੁੱਧਵਾਰ ਦੀ ਉਡੀਕ ਸੀ ।

ਫੱਗਣ ਮਹੀਨੇ ਦੀ ਚੜਦੀ ਸਵੇਰ ਮੁੱਖੋ ਕਾਲਜ ਲਈ ਤਿਆਰ ਹੋ ਗਈ ਤੇ ਕਾਕਾ ਸਰਪੰਚ ਖੇਤ ਆਲੂਆਂ ਦੀ ਫ਼ਸਲ ਵੇਖਣ ਗਿਆ ।

ਪਰ ਜਾਣ ਤੋਂ ਪਹਿਲਾਂ ਧੀ ਨੂੰ ਘੁੱਟ ਕੇ ਕਾਲਜੇ ਨਾਲ ਲਾ ਕੇ ਕਿਹਾ .... ਪਤਾ ਨਹੀਂ ਕਿਉਂ ਅੱਜ ਖੋਹ ਜਿਹੀ ਪੈਂਦੀ ਆ ਪਹਿਲਵਾਨਾ ਰੱਬ ਸੁੱਖ ਰੱਖੇ ।

ਸਰਪੰਚ ਸਾਬ ਮੈਨੂੰ ਪਤਾ ਕਿਉਂ ਪੈਂਦੀ ਆ ਖੋਹ ਹੁਣ ਧੀ ਮੁਟਿਆਰ ਹੋ ਗਈ ਵਿਆਹ ਕਰਨਾ ਧੀਆਂ ਤੋਰਨੀਆਂ ਕਿਹੜਾ ਸੌਖੀਆਂ ਪਰ ਇਹ ਤਾਂ ਕਰਨਾ ਹੀ ਪੈਣਾ ... ਇਹ ਬੋਲ ਚੰਦ ਕੌਰ ਦੇ ਸੀ ਤੇ ਤਿੰਨੇ ਮਾਂ ਪਿਓ ਧੀ ਭਾਵੁਕ ਹੋ ਗਏ । ਠੀਕ ਆ ਪਾਪਾ ਮੈਂ ਚੱਲੀ ਲੇਟ ਹੋ ਗਈ ਪਹਿਲਾਂ ਈ ਮੁੱਖੋ ਕਾਲਜ ਚਲੀ ਗਈ ।ਤੇ ਸਰਪੰਚ ਸਾਬ ਨੇ ਖੇਤਾਂ ਨੂੰ ਜਾਣ ਲਈ ਟਰੈਕਟਰ ਦੀ ਚਾਬੀ ਚੱਕੀ ਈ ਸੀ ਚੰਦ ਕੌਰ ਨੇ ਕਿਹਾ .....ਸਰਦਾਰ ਜੀ ਤੁਸੀਂ ਵੀ ਖਾ ਜਾਉ ਕੁਛ ਫਿਰ ਤੁਸੀਂ ਤਾਂ ਬਾਰਾਂ ਵਜੇ ਤੋਂ ਪਹਿਲਾਂ ਘਰੇ ਨਹੀਂ ਆਉਣਾ ਕਦੇ ਕੋਈ ਰੋਕ ਲੈਂਦਾ ਕਦੇ ਕੋਈ ਲੱਸੀ ਦਾ ਗਿਲਾਸ ਈ ਪੀ ਜਾਉ ਛੇਕੜ ਨੂੰ ।

ਸਰਪੰਚ ਸਾਬ ਨੇ ਹੱਸਕੇ ਕਿਹਾ .... ਨਹੀਂ ਨਹੀਂ ਚੰਦ ਕੁਰੇ ਬਸ ਗਿਆ ਤੇ ਆਇਆ ਆਉਣ ਜਾਣ ਈ ਕਰਨਾ ਬਸ ਫਿਰ ਪਤਾ ਕਰੀਏ ਦਿਹਾੜੀ ਦੱਪੇ ਵਾਲਿਆਂ ਦਾ ਆਲੂਆਂ ਦੀ ਵੱਲ ਵੀ ਵੰਡਾਉਣੀ ਆ ਹੁਣ

ਕਹਿ ਕੇ ਟਰੈਕਟਰ ਸਟਾਰਟ ਕਰਕੇ ਖੇਤਾਂ ਨੂੰ ਚਾਲੇ ਪਾਏ। ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਪਤਾ ਨਹੀਂ ਕਿੱਥੋਂ ਚੰਨਣ ਗੀਰਾ (ਸੱਪ ਤੋਂ ਵੀ ਜ਼ਹਿਰੀਲਾ ਜੀਵ ਜਿਹਦੇ ਡੰਗ ਵੱਜਣ ਨਾਲ ਈ ਨਾਲ ਇਨਸਾਨ ਦੀ ਮੌਤ ਹੋ ਜਾਂਦੀ ਆ।) ਆਇਆ ਤੇ ਗਿੱਟੇ ਤੇ ਡੰਗ ਮਾਰ ਕੇ ਭੱਜ

ਤੁਰਿਆ। ਕਾਕਾ ਸਰਪੰਚ ਉੱਥੇ ਹੀ ਡਿੱਗ ਪਿਆ । ਜਦੋਂ ਤੱਕ ਕਿਸੇ ਨਾਲ ਦੇ ਖੇਤਾਂ ਵਾਲੇ ਨੂੰ ਪਤਾ ਲੱਗਿਆ ਕਾਕੇ ਸਰਪੰਚ ਦੀ ਮੌਤ ਹੋ ਚੁੱਕੀ ਸੀ ਤੇ ਸਰੀਰ ਜ਼ਹਿਰ ਨਾਲ ਨੀਲਾ ਹੋ ਕੇ ਫੁੱਲ ਗਿਆ ਸੀ

ਕਹਿਰ ਟੁੱਟ ਪਿਆ ਚੰਦ ਕੌਰ ਤੇ ਜਦੋਂ ਹੱਸਦਾ ਖੇਡਦਾ ਕਾਕਾ ਸਰਪੰਚ ਹੁਣ ਲੋਥ ਬਣ ਕੇ ਆ ਗਿਆ ਸੀ ।

ਬੁਰਾ ਹਾਲ ਸੀ ਚੰਦ ਕੌਰ ਦਾ ਤੇ ਅਜੇ ਮੁੱਖੋ ਕਾਲਜ ਤੋਂ ਨਹੀਂ ਆਈ ਸੀ।

ਕਾਕੇ ਸਰਪੰਚ ਨੂੰ ਜ਼ਿਆਦਾ ਟਾਈਮ ਰੱਖਿਆ ਨਹੀਂ ਜਾ ਸਕਦਾ ਸੀ। ਜ਼ਹਿਰ ਐਨਾ ਖਤਰਨਾਕ ਸੀ ਕਿ ਸਰੀਰ ਫਿੱਟਣ ਲੱਗ ਪਿਆ ਸੀ ਤੇ ਫੱਟਣ ਦਾ ਵੀ ਡਰ ਸੀ।

ਮੁੱਖੋ ਨੂੰ ਕਾਲਜ ਤੋਂ ਲੈਣ ਵਾਸਤੇ ਜਦੋਂ ਮੁੱਖੋ ਦਾ ਤਾਇਆ ਪ੍ਰੀਤਮ ਕਾਲਜ ਗਿਆ ਤਾਂ ਮੁੱਖੋ ਨੂੰ ਕਿਸੇ ਮੁੰਡੇ ਨਾਲ ਕਾਲਜ ਦੀ ਪਾਰਕਿੰਗ ਵਿੱਚ ਖੜੀ ਜੀਪ ਦੀ ਪਿਛਲੀ ਸੀਟ ਤੇ ਬੈਠੇ ਵੇਖਿਆ।

ਪਰ ਹੁਣ ਸਮਾਂ ਇਹ ਗੱਲਾਂ ਵਾਸਤੇ ਨਹੀਂ ਸੀ।ਇਸ ਸਮੇਂ ਮੁੱਖੋ ਨੂੰ ਘਰ ਲਿਜਾਣਾ ਤੇ ਕਾਕੇ ਸਰਪੰਚ ਦਾ ਸੰਸਕਾਰ ਕਰਨਾ ਸੀ।
ਪਰ ਤਾਏ ਨੂੰ ਵੇਖ ਕੇ ਮੁੱਖੋ ਡਰ ਗਈ ਪਰ ਤਾਏ ਨੇ ਅਚਾਨਕ ਹੀ ਮੂੰਹੋਂ ਕੱਢਿਆ ਮੁੱਖੋ ਘਰੇ ਚੱਲ ਤੇਰੇ ਪਾਪੇ ਦੇ ਕੋਈ ਜ਼ਹਿਰੀ ਕੀੜਾ

ਮਕੌੜਾ ਲੜਗਿਆ ।
ਭਾਵੇਂ ਇਹ ਗੱਲ ਠਰੰਮੇ ਨਾਲ ਕਹਿਣ ਵਾਲੀ ਸੀ ਪਰ ਤਾਏ ਪ੍ਰੀਤਮ ਨੇ ਗੁੱਸੇ ਵਿੱਚ ਯੱਕਦਮ ਈ ਕੁੜੀ ਨੂੰ ਦੱਸ ਦਿੱਤਾ ਤੇ ਕੁੜੀ ਦੀਆਂ ਚੀਕਾਂ ਨਿਕਲ ਗਈਆਂ।

ਮੁੱਖੋ ਤੇ ਚੰਦ ਕੌਰ ਸੰਭਾਲਿਆ ਨਹੀਂ ਸੰਭਲ ਰਹੀਆਂ ਸੀ ਪਰ ਤਾਇਆ ਪ੍ਰੀਤਮ ਭਰਾ ਦੀ ਮੌਤ ਤੋਂ ਜ਼ਿਆਦਾ ਮੁੱਖੋ ਦਾ ਕਿਸੇ ਮੁੰਡੇ ਨਾਲ ਬੈਠੇ ਹੋਣ ਦੀ ਗੱਲ ਕਰਕੇ ਗੁੱਸੇ ਵਿੱਚ ਉਬਲ ਰਿਹਾ ਸੀ। ਦਿਲ ਈ ਦਿਲ ਵਿੱਚ ਕਹਿ ਰਿਹਾ ਸੀ ....ਕਿਵੇਂ ਖੇਖਣ ਕਰਦੀ ਆ । ਉਦੋਂ ਤਾਂ ਪਿਉ ਦਿਸਿਆ ਨਹੀ ਜਦੋਂ ਜੀਪ ਵਿੱਚ ਬੈਠੀ ਬਾਤਾਂ ਮਾਰਦੀ ਸੀ ਹੁਣ ਬਾਪੂ ਬਾਪੂ ਲਾਈ ਆ।ਤੇ ਇੱਕ ਦਮ ਕੜਕ ਕੇ ਬੋਲਿਆ ..... ਹੁਣ ਬਸ ਕਰੋ ਸੰਸਕਾਰ ਕਰਨਾ ਕੁਵੇਲਾ ਹੋਈ ਜਾਂਦਾ ਜੇ ਥੋਡੇ ਰਿੰਗਣ ਨਾਲ ਬਾਈ ਜਿਉਂਦਾ ਹੋ ਜਾਵੇ ਤਾਂ ਮੈਂ ਪਿੰਡ ਕੱਠਾ ਕਰ ਦਿਆ।

ਸੰਸਕਾਰ ਤੋਂ ਲੈ ਕਿ ਭੋਗ ਤੱਕ ਦੀਆਂ ਸਾਰੀਆਂ ਰਸਮਾਂ ਪੂਰੀਆਂ ਹੋ ਗਈ ਆ ।ਮੁੱਖੋ ਨੇ ਕਾਲਜ ਜਾਣਾ ਬੰਦ ਕਰ ਦਿੱਤਾ ।
ਪਰ ਤਾਇਆ ਪ੍ਰੀਤਮ ਹੁਣ ਨਿਗਾਹ ਰੱਖਦਾ ਸੀ।
ਦੋ ਮਹੀਨੇ ਬਾਅਦ ਜਦੋਂ ਮੁੱਖੋ ਨੇ ਦੁਬਾਰਾ ਕਾਲਜ ਸ਼ੁਰੂ ਕੀਤਾ ਤਾਂ ਤਾਇਆ ਪ੍ਰੀਤਮ ਚੋਰੀ ਚੋਰੀ ਕੁੜੀ ਤੇ ਨਿਗਾਹ ਰੱਖਦਾ।
ਮੁੱਖੋ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ।
ਇੱਕ ਦਿਨ ਜਦੋਂ ਤਾਏ ਪ੍ਰੀਤਮ ਨੇ ਕਾਲਜ ਤੋਂ ਆਈ ਮੁੱਖੋ ਦੇ ਮੂੰਹ ਤੇ ਥੱਪੜ ਮਾਰਿਆ ਤੇ ਕਿਹਾ .... ਬੰਦਿਆਂ ਵਾਂਗ ਪੜ ਆਵਾਰਾ ਗਰਦੀ

ਕਰਦੀ ਫ਼ਿਰਦੀ ਆਂ ਉੱਥੇ ਤੈਨੂੰ ਡਰ ਹੈਨੀ ਸਾਡਾ ਪਿਉ ਕੀ ਮਰਗਿਆ ਤੂੰ ਤਾਂ ਹੱਥੋਂ ਨਿਕਲ ਗਈ, ਲੱਤਾਂ ਤੋੜ ਦੇਊ ਮੈਂ ਤੇਰੀਆਂ ।

ਕੌਣ ਆ ਉਹ ਮੁੰਡਾ ਜੀਹਦੇ ਨਾਲ ਖੇਅ ਖਾਂਦੀ ਫ਼ਿਰਦੀ ਆਂ। ਤਾਏ ਪ੍ਰੀਤਮ ਨੇ ਫਿਰ ਥੱਪੜ ਮਾਰਿਆ ਤਾਂ ਮੁੱਖੋ ਉੱਚੀ ਉੱਚੀ ਰੋਣ ਲੱਗ ਪਈ।

ਭਾਈ ਜੀ ਉਹ ਮੁੰਡਾ ਮੁੱਖੋ ਦੇ ਨਾਲ ਪੜ੍ਹਦਾ ਮੁੱਖੋ ਦੇ ਪਾਪੇ ਨੂੰ ਪਤਾ ਇਹਨਾਂ ਦੋਹਾਂ ਦਾ ਵਿਆਹ ਸੀ ... ਇਹ ਸ਼ਬਦ ਚੰਦ ਕੌਰ ਦੇ ਸੀ।

ਅੱਛਾ ਹੁਣ ਅਸੀਂ ਮਰਗੇ ਕੁੜੀਆਂ ਆਪੇ ਵਿਆਹ ਕਰਵਾਉਣਗੀਆਂ । ਵੱਢੀਆਂ ਨਾ ਜਾਣਗੀਆਂ । ਤੂੰ ਤੁਰੀਂ ਘਰੋਂ, ਹੁਣ ਬੰਦ ਤੇਰਾ ਕਾਲਜ ਜਾਣਾ, ਹੁਣ ਬਸ ਮੈਂ ਲੱਭਦਾ ਕੋਈ ਮੁੰਡਾ ਚੁੰਨੀ ਚੜ੍ਹਾਵਾ ਕਰਕੇ ਤੋਰਨਾ ਹੁਣ ਤੈਨੂੰ... ਤਾਏ ਪ੍ਰੀਤਮ ਨੇ ਕੁੜੀ ਨੂੰ ਗੁੱਸੇ ਵਿੱਚ ਕਿਹਾ।

ਇਹ ਤਾਂ ਨਹੀਂ ਹੋਣਾ ਤਾਇਆ ਵਿਆਹ ਤਾਂ ਉੱਥੇ ਹੀ ਕਰਵਾਉਂ ਜੋ ਮਰਜ਼ੀ ਹੋ ਜਾਵੇ, ਮਾਰਨਾ ਹੁਣ ਮਾਰਦੇ ਮੁੱਖੋ ਨੇ ਗੁੱਸੇ ਵਿੱਚ ਕਿਹਾ ਤਾਂ ਤਾਇਆ ਪ੍ਰੀਤਮ ਚੁੱਪ ਕਰ ਕੇ ਘਰ ਚਲਾ ਗਿਆ।

ਪ੍ਰੀਤਮ ਚੁੱਪ ਸੀ ਹੁਣ ਕਿਉਂ ਇਹ ਤਾਂ ਰੱਬ ਜਾਣਦਾ ਸੀ ਪਰ ਮੁੱਖੋ ਨੂੰ ਇਹ ਸੀ ਸ਼ਾਇਦ ਤਾਇਆ ਸਮਝ ਗਿਆ ਹੋਵੇ।

ਸਮਾਂ ਲੰਘਦਾ ਗਿਆ ।ਮੁੱਖੋ ਖ਼ੁਸ਼ ਸੀ ਤੇ ਤਾਇਆ ਪ੍ਰੀਤਮ ਵੀ ਕੁਝ ਨਹੀਂ ਬੋਲਿਆ ਸ਼ਾਂਤੀ ਸੀ ਸਭ ਪਾਸੇ, ਮੁੱਖੋ ਦੇ ਸਹੁਰਿਆਂ ਨੇ ਮੁੱਖੋ ਦੇ ਖੰਮਣੀ ਬੰਨ ਕੇ ਸ਼ਗਨ ਪਾ ਦਿੱਤਾ ਸੀ।

ਭਾਵੇਂ ਇਹ ਗੱਲ ਦੋਹਾਂ ਮਾਵਾਂ ਧੀਆਂ ਨੂੰ ਈ ਪਤਾ ਸੀ ਫਿਰ ਵੀ ਮੁੱਖੋ

ਨੂੰ ਇਹ ਲੱਗਦਾ ਸੀ ਕਿ ਹੁਣ ਕੋਈ ਵੀ ਨਹੀਂ ਰੋਕ ਸਕਦਾ।
ਅੱਜ ਮੁੱਖੋ ਖ਼ੁਸ਼ ਸੀ । ਬੇਬੇ ਅੱਜ ਗੁਲਗਲੇ ਪਕਾਈਏ ਆਪਾਂ । ਬੜਾ ਜੀਅ ਕਰਦਾ ਮੇਰਾ । ਅੱਜ ਮੈਂ ਆਵਦਾ ਹਰਾ ਸੂਟ ਵੀ ਪਾਉਣਾ ਬੇਬੇ, ਮੁੱਖੋ ਬੇਬੇ ਨੂੰ ਪਿਆਰ ਨਾਲ ਹਲੂਣਦੀ ਕਹਿੰਦੀ ਆ।

ਕੱਢ ਲੈਨੇ ਆ ਦੋ ਪੂਰ ਕੋਈ ਨਾ ਪਰ ਮੁੱਖੋ ਧੀਏ ਪਤਾ ਨਹੀਂ ਕਿਉਂ ਦਿਲ ਡੁੱਬੀ ਜਾਂਦਾ ਅੱਜ ਖੋਹ ਪੈਂਦੀ ਆ ਕਾਲਜੇ ਨੂੰ ਕਾਲਜਾ ਨਿਕਲਦਾ । ਸੁੱਖ ਰਹੇ ਕਿਤੇ ਪਤਾ ਨਹੀਂ ਕਿਉਂ ਕਾਲਜੇ ਨੂੰ ਧੂਅ ਪੈਂਦੀ ਆ, ਚੰਦ ਕੌਰ ਨੇ ਮੁੱਖੋ ਦੀ ਬਾਂਹ ਫੜ ਕੇ ਕੋਲ ਬੈਠਾਉਂਦਿਆਂ ਕਿਹਾ ।
ਨੀ ਮਾਂ ਤੂੰ ਤਾਂ ਉਈਂ ਸੋਚੀ ਜਾਨੀ ਆ ਕੁਝ ਨਹੀਂ ਹੁੰਦਾ ਚੱਲ ਮੈਂ ਗੁੜ ਭਿਓਂ ਕੇ ਆਈ।
ਤੁਰੀ ਜਾਂਦੀ ਮੁੱਖੋ ਨੇ ਮਾਂ ਨੂੰ ਕਿਹਾ।

ਰਾਤ ਨੂੰ ਦੋਹੇਂ ਮਾਵਾਂ ਧੀਆਂ ਅਜੇ ਕਮਰੇ ਵਿੱਚ ਮੰਜ਼ਿਆਂ ਤੇ ਪਈਆਂ ਗੱਲਾਂ ਈ ਕਰੀ ਜਾਂਦੀਆਂ ਸੀ ਕਿ ਕੰਧ ਟੱਪ ਕੇ ਚਾਚੇ ਪ੍ਰੀਤਮ ਹੋਣੀ ਤਿੰਨੇ ਭਰਾ ਸ਼ਰਾਬ ਦੇ ਰੱਜੇ ਹੋਏ ਕਾਕੇ ਸਰਪੰਚ ਦੇ ਘਰ ਆਏ ਤਾਂ ਵਿਹੜੇ ਵਿੱਚ ਹੋਏ ਖੜਕੇ ਨੂੰ ਵੇਖਣ ਲਈ ਅਜੇ ਚੰਦ ਕੌਰ ਨੇ ਬੂਹਾ ਈ ਖੋਲਿਆ ਸੀ ਕਮਰੇ ਦਾ ਕਿ ਤਿੰਨ੍ਹਾਂ ਭਰਾਵਾਂ ਨੇ ਆ ਕੇ ਝਟਕੇ ਨਾਲ ਦੋਹਾਂ ਨੂੰ ਫੜ ਲਿਆ ਤੇ ਚੰਦ ਕੌਰ ਨੂੰ ਮੂੰਹ ਬੰਨ ਕੇ ਤੂੜੀ ਵਾਲੇ ਕੋਠੇ ਵਿੱਚ ਸੁੱਟ ਦਿੱਤਾ।
ਉੱਧਰ ਮੁੱਖੋ ਨੂੰ ਬੰਨ ਕੇ ਜ਼ਬਰਦਸਤੀ ਮੋਨੋ ਸਪਰੇ ਦਾ ਲੀਟਰ ਉਹਦੇ ਮੂੰਹ ਵਿੱਚ ਲੱਦ ਦਿੱਤਾ।

ਮੁੱਖੋ ਦਾ ਮੂੰਹ ਵਿੱਚ ਲੀਰਾਂ ਪਾ ਕੇ ਮੂੰਹ ਬੰਨ੍ਹ ਦਿੱਤਾ। ਦੋ ਘੰਟੇ ਬਾਅਦ ਮੁੱਖੋ ਵਿੱਚ ਕੋਈ ਕੋਈ ਸਾਹ ਬਚਿਆ ਸੀ ਤੇ ਸਹਿਕਦੀ ਹੋਈ ਮੁੱਖੋ ਦਾ ਰਾਤ ਨੂੰ ਦੋ ਵਜੇ ਸਣੇ ਮੰਜੇ ਸਸਕਾਰ ਕਰ ਦਿੱਤਾ।

ਪੁਲਿਸ ਨੂੰ ਪੈਸੇ ਦੇ ਕੇ ਮੂੰਹ ਬੰਨ੍ਹ ਦਿੱਤਾ । ਮਾਂ ਜੀਹਦੇ ਦਿਮਾਗ ਤੇ ਬੋਝ ਪੈ ਗਿਆ ਕਮਲੀ ਹੋ ਗਈ। ਕਦੇ ਧੀ ਦੀਆਂ ਗੱਲਾਂ ਕਰਦੀ ਉੱਚੀ ਉੱਚੀ ਹੱਸਦੀ ਤੇ ਕਦੇ ਉੱਚੀ ਉੱਚੀ ਵੈਣ ਪਾਉਂਦੀ ਸੀ ।

ਨੀ ਧੀਏ ਮੈਨੂੰ ਸੁਪਨੇ ਵਿਖਾਲੀ ਦੇ ਜਾ ਮੇਰੇ ਕਾਲਜੇ ਵਾਢ ਪੈਂਦੀ, ਮੇਰੀਏ ਕੁੱਖ ਨੂੰ ਭਾਗ ਲਾਉਣ ਵਾਲੀਏ ਧੀਏ ਹਾਏ ਹਾਏ ਹਾਏ ਦੇ ਵੈਣ ਨੇ ਦੁਬਾਰਾ ਧਿਆਨ ਚੰਦ ਕੌਰ ਵੱਲ ਦੁਵਾ ਦਿੱਤਾ।

**ਸਿਮਰ ਸੰਧੂ**

**ਇੰਸਟਾਗ੍ਰਾਮ: ROOH_AFZA07**

# ਯੂ.ਕੇ. ਅਤੇ ਰਾਵੀ

ਇੱਕ ਭੋਲੇ ਜਿਹੇ ਸੁਭਾਅ ਦੀ ਕੁੜੀ ਜੋ ਸਿਰਫ਼ ਇਹ ਚਾਹੁੰਦੀ ਸੀ, ਕਿ ਵਿਆਹ ਤੋਂ ਬਾਅਦ ਆਪਣਾ ਘਰ ਦੇਖੇਗੀ ਅਤੇ ਬੱਚੇ ਹੋ ਜਾਣਗੇ, ਬਸ ਇੱਦਾਂ ਹੀ ਜ਼ਿੰਦਗੀ ਲੰਘ ਜਾਵੇਗੀ। ਪਰ ਕਿਸਮਤ ਦੇ ਅੱਗੇ ਕਿਸੀ ਦਾ ਬਸ ਨਹੀ ਚੱਲਦਾ, ਓਦਾਂ ਹੀ ਮੇਰਾ ਵੀ ਨਹੀਂ ਚੱਲਿਆ। ਸ਼ਾਇਦ ਜੋ ਅਸੀਂ ਨਹੀਂ ਜਿਉਣਾ ਚਾਹੁੰਦੇ ਉਸਨੂੰ ਜਿਉਣਾ ਹੀ ਜ਼ਿੰਦਗੀ ਹੈ।" ਅਸੀਂ ਇੱਕ Subway Cafe ਵਿੱਚ ਬੈਠੀਆਂ। ਮੇਰੀ ਦੋਸਤ ਰਾਵੀ ਕਾਫ਼ੀ ਸਮੇਂ ਤੋਂ ਪਰੇਸ਼ਾਨ ਸੀ, ਇਸ ਲਈ ਮੈਂ ਉਸ ਨੂੰ ਕਿਹਾ ਕਿ ਆਪਾਂ ਬੈਠਦੇ ਕਿਸੀ ਦਿਨ ਆਪਣੇ ਕੀਮਤੀ ਸਮੇਂ ਵਿੱਚ ਮੇਰੇ ਲਈ ਵੀ ਸਮਾਂ ਦਿਉ ਜੀ ਉਹ ਹੱਸ ਪਈ। ਫਿਰ ਇੱਕ ਦਿਨ ਸੋਮਵਾਰ ਦੀ ਸ਼ਾਮ ਅਸੀਂ ਬੈਠੀਆਂ ਦੋਨੋ। ਮੈਂ ਕਿਹਾ ਰਾਵੀ ਅੱਜ ਮੈਨੂੰ ਆਪਣੇ ਹਾਸੇ ਪਿੱਛੇ ਦਾ ਦਰਦ ਦੱਸ ਤੇ ਆਪਣਾ ਦਿਲ ਹਲਕਾ ਕਰਲੈ,ਦਿਲ ਦਾ ਭਾਰ ਲਾਹ ਦੇ ਅੱਜ ਮੇਰੇ ਸਾਹਮਣੇ, ਉਸ ਦੀਆ ਅੱਖਾਂ ਹੰਝੂਆਂ ਨਾਲ ਭਰ ਗਈਆਂ ।

ਇਸ ਤਰ੍ਹਾਂ ਉਸਨੇ ਆਪਣੇ ਦਿਲ ਦਾ ਦਰਦ ਬਿਆਨ ਕਰਨਾ ਸ਼ੁਰੂ ਕੀਤਾ। ਮੈਂ ਵੀ ਪੂਰੇ ਧਿਆਨ ਨਾਲ ਉਸ ਨੂੰ ਸੁਣਨਾ ਚਾਹਿਆ, ਉਸ ਦੀਆਂ ਅੱਖਾਂ ਨੇ ਮੇਰੇ ਦਿਲ ਦੀ ਜਗਿਆਸਾ ਨੂੰ ਸਮਝ ਲਿਆ। ਜਿਵੇਂ ਸਾਡੇ ਵਿਚ ਇੱਕ ਸੰਪਰਕ ਜਿਹਾ ਬਣ ਗਿਆ ਸੀ। ਮੈਂ ਪੂਰੀ ਰੁਚੀ ਨਾਲ ਉਸ ਨੂੰ ਸੁਣਨਾ ਚਾਹੁੰਦੀ ਸੀ। ਉਸਨੇ ਦੱਸਣਾ ਸ਼ੁਰੂ ਕੀਤਾ "ਵਰਤਮਾਨ ਸਮੇਂ ਵਿੱਚ ਇਨਸਾਨ ਆਪਣੇ ਰੋਟੀ ਦੇ ਹੀਲੇ-ਵਸੀਲੇ ਅਤੇ

ਵਧੀਆ ਭਵਿੱਖ ਲਈ ਆਪਣੇ ਦੇਸ਼ ਤੋਂ ਦੂਸਰੇ ਦੇਸ਼ ਜਾਂਦਾ ਹੈ।

ਪਰ ਮੇਰੇ ਮਾਮਲੇ ਵਿਚ ਇਹ ਬਿਲਕੁਲ ਅਲੱਗ ਹੈ, ਮੈਂ ਆਪਣਾ ਦੇਸ਼ ਛੱਡ ਕੇ ਮਿਤੀ 22.01.2023 ਯੂ.ਕੇ. ਆ ਗਈ ਸੀ। ਪਰ ਮੈਂ ਪੈਸੇ ਜਾਂ ਰੋਜੀ ਰੋਟੀ ਲਈ ਯੂ.ਕੇ ਨਹੀਂ ਆਈ ਸੀ, ਕਿਉਂਕਿ ਮੈਂ ਆਪਣੇ ਦੇਸ਼ ਵਿੱਚ ਯੂਨੀਵਰਸਿਟੀ ਵਿੱਚ ਨੌਕਰੀ ਕਰ ਰਹੀ ਸੀ ਅਤੇ ਕਦੇ ਜ਼ਿੰਦਗੀ ਵਿੱਚ ਬਾਹਰਲੇ ਦੇਸ਼ ਆਉਣ ਦਾ ਸੋਚਿਆ ਵੀ ਨਹੀਂ ਸੀ। ਹਰ ਇੱਕ ਇਨਸਾਨ ਕੋਈ ਨਾ ਕੋਈ ਮਜਬੂਰੀ ਕਰਕੇ ਆਉਂਦਾ ਹੈ, ਮੈਂ ਵੀ ਮਜਬੂਰ ਹੋ ਕੇ ਆਈ ਆਪਣੇ ਜਿੰਦਗੀ ਦੇ ਹਲਾਤਾਂ ਤੋਂ, ਕਿਸੀ ਇਨਸਾਨ ਦੇ ਧੋਖੇ ਤੋਂ। ਆਪਣਾ ਦੇਸ਼ ਮਾਪੇ, ਭਰਾ-ਭੈਣ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਛੱਡ ਕੇ ਆਉਣਾ ਕੋਈ ਬਹੁਤ ਸੌਖਾ ਨਹੀਂ ਹੁੰਦਾ।
ਮੈਂ ਵੀ ਆਪਣੇ ਮਨ ਨੂੰ ਮਾਰ ਕੇ ਆਪਣਾ ਦੇਸ਼ ਛੱਡ ਕੇ ਆਉਣ ਦਾ ਫ਼ੈਸਲਾ ਲਿਆ ਸੀ। ਅੱਜ ਵੀ ਸੋਚਦੀ ਆਂ ਕਿ, ਉਸ ਇਨਸਾਨ ਨੇ ਮੈਨੂੰ ਆਪਣਾ ਸਭ ਕੁਝ ਛੱਡ ਕੇ ਆਉਣ ਲਈ ਮਜਬੂਰ ਕਰ ਦਿੱਤਾ ਸੀ। ਮੈਂ ਵੀ ਬੇਵੱਸ ਜਿਹੀ ਨੇ ਸਭ ਕੁਝ ਸਹਿ ਲਿਆ ਸੀ ਅਤੇ ਰੱਬ ਦੀ ਰਜ਼ਾ ਮੰਨ ਲਈ ਸੀ।
ਮੇਰੇ ਮਨ ਵਿਚ ਆਇਆ ਕਿ ਕਿਸ ਹੱਦ ਤੱਕ ਰਾਵੀ ਨੂੰ ਮਜਬੂਰ ਕੀਤਾ ਗਿਆ ਸੀ, ਆਪਣਾ ਸਭ ਕੁਝ ਛੱਡ ਕੇ ਜਾਣ ਲਈ।ਮੈਂ ਪੁੱਛਿਆ ਧੋਖਾ? ਉਸਦੇ ਅੱਖਾਂ ਵਿੱਚ ਹੰਝੂ ਆ ਗਏ ਉਸ ਨੇ ਇੱਕ ਲੰਮਾ ਸਾਹ ਲਿਆ, ਕਿਹਾ " ਧੋਖਾ ਮੇਰੇ ਦਿਲ ਨਾਲ, ਮੇਰੇ ਜਜ਼ਬਾਤਾਂ ਨਾਲ, ਮੇਰੇ ਸਬਰ ਨਾਲ, ਮੇਰੀ ਵਫਾਦਾਰੀ ਨਾਲ । ਉਸਦੀਆ ਅੱਖਾਂ ਤਾਂ ਰੋ ਹੀ ਰਹੀਆਂ ਸੀ, ਪਰ ਮੈਂ ਮਹਿਸੂਸ ਕੀਤਾ ਉਸ ਦਾ ਦਿਲ ਵੀ ਅਤੇ ਰੂਹ

ਵੀ ਰੋ ਰਹੀ ਸੀ । ਉਸ ਦੀ ਰੂਹ ਦੀਆਂ ਚੀਕਾਂ ਨੂੰ ਮੈਂ ਮਹਿਸੂਸ ਕੀਤਾ। ਮੈਂ ਉਸਦਾ ਹੱਥ ਫੜਿਆ ਤੇ ਉਸਨੂੰ ਸਹਿਜ ਕੀਤਾ। ਫਿਰ ਉਸ ਨੇ ਅੱਗੇ ਦੱਸਣਾ ਸ਼ੁਰੂ ਕੀਤਾ।

ਯੂ.ਕੇ ਵਿਚ ਮਾਸਟਰ ( MA. Education) ਦਾ ਕੋਰਸ ਕਰਨ ਦਾ ਵੀਜ਼ਾ ਲਗਵਾ ਕੇ ਆ ਗਈ ਸੀ। ਯੂ.ਕੇ ਦੇ ਸਭ ਤੋਂ ਮਸ਼ਹੂਰ ਏਅਰਪੋਰਟ ਹਿਥਰੋ ਦੇ ਰਾਹੀ ਮੈਂ ਯੂ.ਕੇ ਦੀ ਧਰਤੀ ਤੇ ਪੈਰ ਰੱਖਿਆ ਸੀ। ਮੇਰੀ ਬਹੁਤ ਹੀ ਵਧੀਆ ਦੋਸਤ, ਜਿਸ ਦਾ ਨਾਮ ਰਜਨਦੀਪ ਕੌਰ ਹੈ, ਉਹ ਮੈਨੂੰ ਏਅਰਪੋਰਟ ਤੇ ਰਸੀਵ ਕਰਨ ਆਈ ਸੀ । ਉਹ ਮੈਨੂੰ ਆਪਣੇ ਘਰ ਲੰਡਨ ਲੈ ਕੇ ਗਈ, ਮੈਨੂੰ 15 ਦਿਨ ਆਪਣੇ ਘਰ ਰੱਖਿਆ, ਮੇਰੀ ਦੇਖ ਰੇਖ ਕੀਤੀ, ਕਿਉਂਕਿ ਜਦੋਂ ਆਪਾਂ ਇੰਡਿਆ ਤੋਂ ਆਏ ਹੁੰਦੇ ਆ, ਤਾਂ ਨਵੀ ਧਰਤੀ ਤੇ ਦਿਲ ਲਗਾਉਣਾ ਬਹੁਤ ਹੀ ਔਖਾ ਹੁੰਦਾ ਹੈ। ਮੈਂ ਅੱਜ ਵੀ ਰਜਨਦੀਪ ਕੌਰ ਦਾ ਮੇਰੇ ਤੇ ਕੀਤਾ ਅਹਿਸਾਨ ਨਹੀਂ ਭੁਲਾ ਸਕਦੀ। ਮਿਤੀ 24.01.2023 ਨੂੰ ਮੇਰਾ ਯੂਨੀਵਰਸਿਟੀ ਦਾ ਪਹਿਲਾ ਦਿਨ ਸੀ।

ਮੈਨੂੰ ਕੁਝ ਵੀ ਨਹੀਂ ਪਤਾ ਸੀ, ਮੈਂ ਯੂਨੀਵਰਸਿਟੀ ਕਿੱਦਾਂ ਜਾਵਾਂ, ਕਿਉਂਕਿ ਲੰਡਨ ਤੋਂ ਮੇਰੇ ਯੂਨੀਵਰਸਿਟੀ ਦਾ ਰਸਤਾ 3 ਘੰਟੇ ਸੀ, ਜੇ ਮੈਂ ਟਰੇਨ ਦੁਆਰਾ ਜਾਂਦੀ ਅਤੇ ਟਰੇਨ ਵੀ ਕਿੱਦਾਂ ਕਿੱਥੋਂ ਲੈਣੀ ਕੁਝ ਨਹੀਂ ਪਤਾ ਸੀ, ਉਹ ਵੀ ਮੇਰੀ ਦੋਸਤ ਰਜਨਦੀਪ ਨੇ ਮੈਨੂੰ ਫੋਨ ਤੇ ਮੈਪ ਵਿੱਚ ਖੋਜ਼ ਕਰਕੇ ਸਕਰੀਨਸ਼ਾਟ ਭੇਜਦੀ ਰਹੀ। ਬਸ ਉਹਦੇ ਸਹਾਰੇ ਹੀ ਮੈਂ ਸਵੇਰੇ ਯੂਨੀਵਰਸਿਟੀ (University of Lincoln) ਗਈ ਅਤੇ ਲੰਡਨ (London) ਵਾਪਿਸ ਘਰ ਆਈ। ਉਸ ਇੱਕ ਦਿਨ ਦੇ ਸਫ਼ਰ

ਨੇ ਮੈਨੂੰ ਬਹੁਤ ਹੀ ਡਰਾ ਕੇ ਰੱਖ ਦਿੱਤਾ। ਕਿਉਂਕਿ ਮੈਂਨੂੰ ਲੱਗ ਰਿਹਾ ਸੀ, ਜਿਵੇਂ ਕੋਈ ਅੰਨ੍ਹੇ ਦੇ ਹੱਥ ਸੋਟੀ ਫੜ੍ਹਾ ਦਿੱਤੀ ਜਾਂਦੀ ਹੈ, ਉਸ ਨੂੰ ਸਭ ਪਾਸੇ ਹਨੇਰਾ ਹੀ ਲੱਗਦਾ। ਉਸ ਹਨੇਰੇ ਵਿਚ ਰਜਨਦੀਪ ਮੇਰੀ ਦੋਸਤ ਨੇ ਉਸ ਸੋਟੀ ਜਿਹਾ ਕੰਮ ਕੀਤਾ ਸੀ । ਫਿਰ ਮੇਰੀ ਦੋਸਤ ਨੇ ਮੈਨੂੰ ਰੂਮ ਲੈ ਕੇ ਦਿੱਤਾ, ਮੇਰਾ ਤਾਂ ਇਕੱਲੀ ਦਾ ਦਿਲ ਹੀ ਨਹੀਂ ਲੱਗਦਾ ਹੁੰਦਾ ਸੀ, ਮੈਂ ਰਜਨ ਦੇ ਘਰ ਚਲੀ ਜਾਂਦੀ ਸੀ, ਮੈਂ ਉਹਦੇ ਨਾਲ ਬੈਠ ਕੇ ਢਿੱਡ ਭਰ ਕੇ ਰੋਟੀ ਖਾਂਦੀ ਸੀ । ਨਹੀਂ ਤਾਂ ਰੋਟੀ ਕੀ ਹੁੰਦੀ ਹੈ ਮੈਨੂੰ ਭੁੱਲ ਹੀ ਗਿਆ ਸੀ। ਕਿਉਂਕਿ ਪਰਿਵਾਰ ਨੂੰ ਛੱਡ ਆਉਣਾ ਬੇਗਾਨੇ ਦੇਸ਼ ਵਿੱਚ ਦਿਲ ਲਗਾਉਣਾ ਬਹੁਤ ਹੀ ਔਖਾ ਜਾਪਦਾ ਸੀ। ਉਹ ਵੀ ਮੇਰੇ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੀ ਸੀ, ਤਾਂ ਹੀ ਜਿੰਨਾ ਉਹ ਸਾਥ ਦੇ ਸਕਦੀ ਸੀ, ਉਸ ਨੇ ਮੇਰਾ ਸਾਥ ਦਿੱਤਾ। ਜਿਸ ਦੀ ਮੇਰੇ ਦਿਲ ਵਿਚ ਅੱਜ ਵੀ ਬਹੁਤ ਖ਼ਾਸ ਜਗ੍ਹਾ ਹੈ। ਬਸ ਫ਼ਿਰ ਜਿੱਦਾਂ ਕਿੱਦਾਂ ਮੈਨੂੰ ਯੂ.ਕੇ ਦੇ ਵਿਦਿਆਰਥੀਆਂ ਲਈ ਕੰਮ ਕਰਨ ਦੇ ਬਣਾਏ ਗਏ ਨਿਯਮਾਂ ਅਨੁਸਾਰ ਹਫ਼ਤੇ ਦੇ 20 ਘੰਟੇ ਕੰਮ ਮਿਲ ਗਿਆ।

ਹਫ਼ਤੇ ਦੇ 20 ਘੰਟੇ ਕੰਮ ਅਤੇ 2 ਦਿਨ ਯੂਨੀਵਰਸਿਟੀ ਜਾਂਦੀ ਸੀ । ਯੂਨੀਵਰਸਿਟੀ ਦੀ ਕਲਾਸ ਵੀਰਵਾਰ ਸਵੇਰੇ 9 ਵਜੇ ਹੁੰਦੀ ਸੀ. ਯੂ.ਕੇ ਵਿੱਚ ਸਵੇਰੇ ਜਲਦੀ ਦੀਆਂ ਟਿਕਟਾਂ ਦੇ ਬਹੁਤ ਪੈਸੇ ਲੱਗਦੇ ਹਨ, ਇਸ ਲਈ ਮੈਂ ਰਾਤ ਨੂੰ ਹੀ ਯੂਨੀਵਰਸਿਟੀ ਪਹੁੰਚ ਜਾਂਦੀ ਸੀ। ਮੈਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਕੁਰਸੀ ਤੇ ਬੈਠ ਕੇ ਅਤੇ ਟੇਬਲ ਤੇ ਸਿਰ ਰੱਖ ਕੇ ਸੌਂ ਜਾਂਦੀ ਸੀ, ਇੱਦਾਂ ਮੈਨੂੰ ਹਰ ਵੀਰਵਾਰ ਬੁੱਧਵਾਰ ਦੀ ਰਾਤ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਗੁਜ਼ਾਰਨੀ ਪੈਂਦੀ ਸੀ।

ਇੱਕ ਵਾਰ ਦੀ ਗੱਲ ਹੈ ਕਿ ਮੈਂ ਬੁੱਧਵਾਰ ਦੀ ਰਾਤ ਯੂਨੀਵਰਸਿਟੀ ਰਾਤ ਦੇ 10 ਵਜੇ ਪਹੁੰਚ ਗਈ, ਜਦੋਂ ਮੈਂ ਲਾਇਬ੍ਰੇਰੀ ਦੇ ਵੱਲ ਗਈ ਤਾਂ ਉਹ ਕਿਸੇ ਕਾਰਨਾਂ ਕਰਕੇ ਬੰਦ ਸੀ। ਰਾਤ ਦੇ 10 ਵਜੇ ਇੱਕਲੀ ਕੁੜੀ ਜਿਸ ਨੂੰ ਕੁਝ ਨਹੀਂ ਪਤਾ ਹੁਣ ਰਾਤ ਕਿੱਥੇ ਗੁਜ਼ਾਰਨੀ ਸਕਿਉਰਟੀ ਗਾਰਡ ਦੇ ਮੂੰਹੋ ਇਹ ਸੁਣ ਕੇ "

Today library was closed due to some Management issues" ਮੈ ਰੱਬ ਨੂੰ ਯਾਦ ਕੀਤਾ ਹੇ.....ਰੱਬਾਂ ਮੇਰੀ ਮਦਦ ਕਰ, ਅੰਗ-ਸੰਗ ਸਹਾਈ ਹੋਈਂ। ਮੈਂ ਯੂਨੀਵਰਸਿਟੀ ਨਾਲ ਲੱਗਦੇ ਰੇਲਵੇ ਸਟੇਸ਼ਨ ਦੇ ਕੋਲ ਇੱਕ ਥੜ੍ਹੇ ਕੋਲ ਬੈਠ ਗਈ। ਆਲੇ ਦੁਆਲੇ ਹਨੇਰਾ ਹਲਕੀ ਹਲਕੀ ਬਾਰਿਸ਼ ਹੋ ਰਹੀ ਸੀ, ਕਿਉਂਕਿ ਯੂ.ਕੇ ਦਾ ਮੌਸਮ ਹੀ ਇੱਦਾਂ ਹੈ ਕਿ ਕਦੋਂ ਮੀਂਹ ਸ਼ੁਰੂ ਹੋ ਜਾਵੇ ਕੁਝ ਪਤਾ ਨਹੀਂ ਹੁੰਦਾ। ਉਸ ਦਿਨ ਮੈਂ ਆਪਣੇ ਕੋਲ ਛੱਤਰੀ ਵੀ ਨਹੀਂ ਰੱਖੀ ਸੀ। ਇੰਨੀ ਠੰਡ ਵਿੱਚ ਇਕੱਲੀ ਬੈਠੀ ਡਰੀ ਜਾ ਰਹੀ ਸੀ। ਯੂਨੀਵਰਸਿਟੀ ਵਿਚ ਘੁੰਮ ਰਹੇ ਟਾਂਵੇਂ ਟਾਂਵੇਂ ਗੋਰੇ ਅਤੇ ਕਾਲੇ ਵਿਦਿਆਰਥੀਆਂ ਨੂੰ ਦੇਖੀ ਜਾ ਰਹੀ ਸੀ। ਉਸ ਦਿਨ ਮੈਨੂੰ ਆਪੇ ਪਿਤਾ ਜੀ ਦੀ ਯਾਦ ਆਈ ਕਿ ਉਹ ਕਦੇ ਵੀ ਇਕੱਲੀ ਨੂੰ ਕਿਤੇ ਦੂਰ ਨਹੀਂ ਭੇਜਦੇ ਸੀ। ਅੱਜ ਇੱਕਲੀ ਬੈਠੀ ਸੋਚ ਰਹੀ ਸੀ, ਕਿ ਰਾਤ ਥੜ੍ਹੇ ਤੇ ਬੈਠ ਕੇ ਗੁਜ਼ਾਰਨੀ ਪੈਣੀ, ਹੁਣ ਕੀ ਕਰਾਂ ਮੈਂ..... ਕੁਝ ਵੀ ਸਮਝ ਨਹੀਂ ਆ ਰਿਹਾ ਸੀ। ਫਿਰ ਸੋਚਿਆ ਨੀਚੇ ਬੈਠ ਜਾਂਦੀ ਆ, ਫਿਰ ਥੜ੍ਹੇ ਦੇ ਨਾਲ ਪਿੱਠ ਲਗਾ ਕੇ ਬੈਠ ਗਈ, ਅਚਾਨਕ 2 ਅਫਰੀਕਾ ਦੀਆਂ ਕੁੜੀਆਂ ਜਿਨ੍ਹਾਂ ਨੂੰ ਆਪਾਂ ਕਾਲੇ ਲੋਕ ਕਹਿੰਦੇ ਹਾਂ, ਉਹ ਮੇਰੇ ਨਾਲ ਗੱਲ ਕਰਨ ਲੱਗੀਆਂ। ਉਨ੍ਹਾਂ ਮੇਰੇ ਤੋਂ ਅੰਗਰੇਜ਼ੀ ਵਿੱਚ ਪੁੱਛਿਆ ਤੁਸੀਂ ਇੱਥੇ ਕਿਉਂ ਬੈਠੇ ਹੋ, ਤੁਹਾਨੂੰ ਮਦਦ ਦੀ ਲੋੜ ਹੈ। ਮੈਂ

ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਫਿਰ ਉਹ ਮੈਨੂੰ ਆਪਣੇ ਨਾਲ ਆਪਣੇ ਰੂਮ ਵਿਚ ਲੈ ਗਈਆਂ, ਮੈਨੂੰ ਖਾਣਾ ਖਵਾਇਆ ਅਤੇ ਆਪਣੇ ਰੂਮ ਵਿੱਚ ਰਾਤ ਸੁਵਾਇਆ, ਉਹ ਦੋਵੇਂ ਯੂਨੀਵਰਸਿਟੀ ਦੇ ਹੋਸਟਲ ਵਿਚ ਰਹਿੰਦੀਆਂ ਸਨ। ਇਸ ਤਰ੍ਹਾਂ ਉਹਨਾਂ ਨੇ ਮੇਰੇ ਲਈ ਉਸ ਹਨੇਰੇ ਅਤੇ ਮੀਂਹ ਵਾਲੀ ਰਾਤ ਵਿੱਚ ਇੱਕ ਰੌਸ਼ਨੀ ਦੀ ਲੋਅ ਵਾਂਗ ਸਾਥ ਦਿੱਤਾ। ਮੇਰੇ ਅੱਖਾਂ ਸਾਹਮਣੇ ਪੂਰੀ ਘਟਨਾ ਚਿੱਤਰ ਦੇ ਰੂਪ ਵਿੱਚ ਸਾਮਹਣੇ ਆ ਰਹੀ ਸੀ। ਮੇਰੇ ਅੱਖਾਂ ਵਿੱਚ ਹੰਝੂ ਰੁਕਣ ਦਾ ਨਾਮ ਹੀ ਨਹੀਂ ਲੈ ਰਹੇ ਸੀ। ਫਿਰ ਮੈਂ ਉਸ ਨੂੰ ਕਿਹਾ ਕਿ ਆਪਾਂ ਕਾਫੀ ਆਡਰ ਕਰਦੇ ਆ। ਅਸੀਂ ਕਾਫੀ ਨਾਲ ਸਾਡੇ ਦੋਨਾਂ ਦੇ ਪਸੰਦੀਦਾ Subway ਆਡਰ ਕੀਤਾ। ਕਾਫੀ ਪੀਂਦੇ ਪੀਂਦੇ ਉਸ ਨੇ ਅੱਗੇ ਦੱਸਣਾ ਸ਼ੁਰੂ ਕੀਤਾ।

ਉਸਨੇ ਕਿਹਾ ਕਿ ਮੇਰਾ ਦਰਦ ਕਿਸੀ ਨੂੰ ਪਤਾ ਨਾ ਲੱਗੇ, ਇਸ ਕਰਕੇ ਮੈਂ ਹਮੇਸ਼ਾ ਹੱਸਦੀ ਰਹਿੰਦੀ ਹਾਂ। ਤਾਂ ਹੀ ਕਈ ਵਾਰ ਮੈਨੂੰ ਮੇਰੇ ਦੋਸਤ ਝੱਲੀ ਜਿਹੀ ਕਹਿ ਦਿੰਦੇ ਨੇ। ਮੈਂ ਆਪਣੇ ਲਈ ਝੱਲੀ ਸ਼ਬਦ ਸੁਣ ਕੇ ਵੀ ਹੱਸ ਪੈਂਦੀ ਆ।

ਮੈਂ ਆਪਣੇ ਮੋਬਾਇਲ ਵਿੱਚ ਉਨ੍ਹਾਂ ਕੁੜੀਆ ਨਾਲ ਆਪਣੀ ਯਾਦ ਲਈ ਫੋਟੋ ਵੀ ਕਲਿੱਕ ਕੀਤੀ। ਮੈਂ ਯੂ.ਕੇ ਦੇ ਆਪਣੇ ਸਫ਼ਰ ਵਿੱਚ ਇਹ ਤਜਰਬਾ ਕੀਤਾ ਕਿ ਆਪਣੇ ਪੰਜਾਬੀਆਂ ਨਾਲੋਂ ਕਾਲੇ ਅਤੇ ਗੋਰੇ ਲੋਕ ਜਿਆਦਾ ਮਦਦ ਕਰਦੇ ਹਨ। ਮੈਂ ਰੱਬ ਦਾ ਧੰਨਵਾਦ ਕੀਤਾ ਕਿ ਉਸ ਨੇ ਇਨਸਾਨ ਦੇ ਰੂਪ ਵਿਚ ਆ ਕੇ ਮੇਰੀ ਮਦਦ ਕੀਤੀ।

ਦਿਨ ਲੰਘਦੇ ਗਏ, ਕਿਸੇ ਵੇਲੇ ਦਿਲ ਕਰਦਾ ਸੀ ਕਿ ਅੱਜ ਹੀ ਟਿਕਟ ਕਰਵਾ ਦੇ ਇੰਡੀਆ ਚਲੇ ਜਾਵਾਂ। ਪਰ ਫਿਰ ਮਨ ਵਿੱਚ ਆਉਂਦਾ ਸੀ,

ਹੌਂਸਲਾ ਨਹੀਂ ਛੱਡਣਾ ਮੈਂ। ਫਿਰ ਇੱਕ ਸਮੱਸਿਆ ਆਈ ਮੈਨੂੰ 20 ਘੰਟੇ ਕੰਮ ਮਿਲਣਾ ਬੰਦ ਹੋ ਗਿਆ। ਯੂ.ਕੇ ਵਿਚ ਇਕੱਲੇ ਮੁੰਡੇ ਜਾਂ ਫਿਰ ਇਕੱਲੀ ਕੁੜੀ ਲਈ ਰਹਿਣਾ ਬਹੁਤ ਔਖਾ ਹੈ। ਹਫ਼ਤੇ ਦੇ 20 ਘੰਟੇ ਕੰਮ ਕਰਕੇ ਸਿਰਫ਼ ਮਹੀਨੇ ਦਾ ਰੂਮ ਦਾ ਰੈਂਟ, ਖਾਣ-ਪੀਣ ਦਾ ਸਮਾਨ ਹੀ ਆਉਂਦਾ ਸੀ। ਜੇ ਕੰਮ ਨਾ ਮਿਲੇ ਤਾਂ ਫ਼ਿਰ ਬਹੁਤ ਔਖਾ ਹੋ ਜਾਂਦਾ ਸੀ| ਮੈਂ ਗੁਰਦੁਆਰੇ ਰੋਟੀ ਖਾ ਕੇ ਆਪਣਾ ਗੁਜਾਰਾ ਕਰਦੀ ਰਹੀ। ਇੱਕ ਵਾਰ ਦੀ ਗੱਲ ਹੈ ਕਿ ਮੈਂ ਗੁਰਦੁਆਰੇ ਗਈ ਮੱਥਾ ਟੇਕਿਆ, ਫਿਰ ਲੰਗਰ ਖਾਣ ਲਈ ਲੰਗਰ ਹਾਲ ਗਈ, ਮੈਂ 1 ਹਫ਼ਤੇ ਤੋਂ ਜਾ ਰਹੀ ਸੀ, ਕਿਉਂਕਿ ਮੇਰੇ ਕੋਲ਼ ਕੰਮ ਨਹੀਂ ਸੀ। ਜਿਸ ਕਰਕੇ ਖਾਣ-ਪੀਣ ਦਾ ਖ਼ਰਚ ਨਹੀਂ ਨਿਕਲ ਰਿਹਾ ਸੀ। ਜਦੋ ਮੈਂ ਲੰਗਰ ਖਾਣ ਲਈ ਥਾਲ ਚੁੱਕਿਆ ਤਾਂ ਓਥੇ ਲੰਗਰ ਦੀ ਸੇਵਾ ਕਰ ਰਹੇ ਸੇਵਾਦਾਰ ਨੇ ਮੈਨੂੰ ਕਿਹਾ ਕਿ ਕੰਮ ਨਹੀਂ ਹੈ ਤੁਹਾਡੇ ਕੋਲ, ਮੈਂ ਕਿਹਾ ਨਹੀਂ... ਮੈਨੂੰ ਲੱਗਾ ਉਹ ਮੈਨੂੰ ਕੰਮ ਦੇਵੇਗਾ ਸ਼ਾਇਦ ਤਾਂ ਪੁੱਛ ਰਿਹਾ ਹੈ। ਪਰ ਫ਼ਿਰ ਉਸਨੇ ਕਿਹਾ ਕਿ ਤੂੰ ਹਫ਼ਤੇ ਤੋਂ ਆ ਰਹੀ ਹੈਂ। ਫਿਰ ਮੈਂ ਉਹਨਾਂ ਦੇ ਕਹਿਣ ਦਾ ਭਾਵ ਸਮਝ ਗਈ । ਫ਼ਿਰ ਮੈਂ ਗੁਰਦੁਆਰੇ ਲੰਗਰ ਖਾਣ ਲਈ ਨਹੀਂ ਗਈ। ਮੈਂ ਬਰੈਡ ਦੇ 2 ਪੈਕਟ ਲਿਆ ਕੇ ਰੱਖ ਲਏ ਅਤੇ ਸਵੇਰੇ ਸ਼ਾਮ ਚਾਹ ਨਾਲ ਉਹੀ ਖਾ ਲੈਂਦੀ ਸੀ। ਮੈਂ ਆਪਣੇ ਪਰਿਵਾਰ ਨੂੰ ਮਾਂ, ਭੈਣ-ਭਰਾ ਨੂੰ ਕਦੇ ਨਹੀਂ ਦੱਸਿਆ ਕਿ ਮੇਰੇ ਕੋਲ਼ ਰੋਟੀ ਖਾਣ ਲਈ ਵੀ ਪੈਸੇ ਵੀ ਨਹੀਂ ਹਨ। ਕਿਉਂਕਿ ਮੈਨੂੰ ਲਗਦਾ ਸੀ ਕਿ ਯੂ.ਕੇ ਆਉਣ ਦਾ ਫ਼ੈਸਲਾ ਮੇਰਾ ਸੀ, ਮੈਂ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕਰਨਾ। ਮੈਂ ਕੰਮ ਲਈ ਸਭ ਨੂੰ ਕਹਿੰਦੀ ਰਹਿੰਦੀ ਸੀ। ਮੈਂ ਜਿਹਨਾਂ ਦੇ ਘਰ ਰਹਿੰਦੀ ਸੀ, ਉਹ ਪੰਜਾਬੀ ਫੈਮਿਲੀ ਸੀ, ਮੈਂ ਉਹ ਭਾਜ਼ੀ ਨੂੰ ਕੰਮ ਲਈ ਕਿਹਾ, ਪਰ

ਜਿਵੇਂ ਲੋਕ ਕਹਿੰਦੇ ਹਨ ਕਿ ਕਿਸੀ ਦੀ ਮਜਬੂਰੀ ਦਾ ਫਾਇਦਾ ਚੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਮਨੁੱਖੀ ਸੁਭਾਅ ਹੈ। ਇੱਥੇ ਇਕੱਲੀ ਕੁੜੀ ਦੀ ਮਜਬੂਰੀ ਦਾ ਫਾਇਦਾ ਚੁੱਕਣ ਦਾ ਮਤਲਬ ਸਮਝ ਆ ਰਿਹਾ ਸੀ। ਮੇਰੇ ਮਨ ਵਿੱਚ ਆਇਆ ਕਿ ਕੰਮ ਮਿਲ ਨਹੀਂ ਰਿਹਾ ਮੈਂ ਇੰਡੀਆ ਚਲੇ ਜਾਵਾਂ। ਯੂ.ਕੇ ਰਹਿ ਕੇ ਕਿਸੇ ਦੀ ਹਵਸ ਦਾ ਸ਼ਿਕਾਰ ਨਹੀਂ ਹੋਣਾ। ਫਿਰ ਸੋਚਿਆ ਕਿ ਇੰਡਿਆ ਤੋਂ ਵੀ ਮੈਂ ਦੁਖੀ ਹੋ ਕੇ ਆਈ ਸੀ। ਹੁਣ ਕਿੱਥੇ ਜਾਵਾਂ ਮੈਂ? ਉਸ ਸਮੇਂ ਮੈਂ ਆਪਣੇ ਪਿਤਾ ਜੀ ਨੂੰ ਯਾਦ ਕਰ ਰਹੀ ਸੀ, ਕਿ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਦੱਸਦੀ ਕਿ ਤੁਹਾਡੀ ਬੇਟੀ ਕਿੰਨੇ ਦੁੱਖਾਂ ਵਿੱਚੋਂ ਲੰਘ ਰਹੀ ਹੈ। ਪਰ ਰੱਬ ਨੇ ਪਿਤਾ ਦਾ ਸਾਇਆ ਮੇਰੇ ਸਰ ਤੋਂ ਪਹਿਲਾਂ ਹੀ ਚੱਕ ਦਿੱਤਾ ਸੀ। ਦੋ ਕ ਦਿਨ ਬਾਅਦ ਮੈਨੂੰ ਸੁੱਤੀ ਨੂੰ ਸਵੇਰੇ ਦੇ ਪਹਿਲੇ ਪਹਿਰ ਸੁਪਨਾ ਆਇਆ, ਸੁਪਨੇ ਵਿੱਚ ਮੇਰੇ ਪਿਤਾ ਅਤੇ ਮਾਤਾ ਜੀ ਆਏ ਮੈਨੂੰ ਆਸ਼ੀਰਵਾਦ ਦੇ ਕੇ ਕਹਿੰਦੇ ਕਿ ਰਾਵੀ ਫ਼ਿਕਰ ਨਾ ਕਰ ਅਸੀਂ ਤੇਰੇ ਨਾਲ ਆ। ਪਿਤਾ ਜੀ ਨੇ ਮੇਰੇ ਸਰ ਦੇ ਉੱਤੇ ਹੱਥ ਰੱਖਿਆ। ਜਦੋਂ ਮੇਰੀ ਨੀਂਦ ਖੁੱਲੀ ਤਾਂ ਮੈਨੂੰ ਬਹੁਤ ਹਲਕਾ ਮਹਿਸੂਸ ਹੋਇਆ, ਮੈਂ ਮਹਿਸੂਸ ਕੀਤਾ ਕਿ ਮੇਰੇ ਪਿਤਾ ਜੀ ਜੋ ਇਸ ਦੁਨੀਆ ਵਿੱਚ ਨਹੀਂ ਹਨ, ਉਹਨਾਂ ਨੂੰ ਆਪਣੀ ਰਾਵੀ ਦੇ ਦੁੱਖ ਦਾ ਪਤਾ ਹੈ। ਸੁਪਨੇ ਵਿਚ ਆ ਕੇ ਹੌਂਸਲਾ ਦਿੱਤਾ। ਫਿਰ ਮੈਂ ਆਪਣੀ ਕਿਸੀ ਦੋਸਤ ਨੂੰ ਕੰਮ ਲਈ ਬੇਨਤੀ

ਕੀਤੀ, ਉਸਨੇ ਮੈਨੂੰ ਇੱਕ ਰੈਸਟੋਰੈਂਟ ਵਿਚ ਕੰਮ ਤੇ ਲਗਵਾ ਦਿੱਤਾ, ਉਥੇ ਮੈਂ 1 ਮਹੀਨਾ ਕੰਮ ਕੀਤਾ, ਰੈਸਟੋਰੈਂਟ ਦਾ ਮੈਨੇਜਰ ਇੱਕ ਪੰਜਾਬੀ ਮੁੰਡਾ ਸੀ, ਉਸ ਨੇ ਇੱਕ ਮਹੀਨੇ ਬਾਅਦ ਮੈਨੂੰ ਗਲਤ ਮੈਸੇਜ ਕਰਨੇ ਸ਼ੁਰੂ ਕਰ ਦਿੱਤੇ, ਮੈਨੂੰ ਆਪਣੇ ਨਾਲ ਰਾਤ ਬਤੀਤ ਕਰਨ ਲਈ ਕਹਿਣ ਲੱਗ

ਗਿਆ, ਕਹਿੰਦਾ ਕਿ ਜੇ ਤੂੰ ਮੇਰਾ ਕਹਿਣਾ ਮੰਨੇਗੀ ਤਾਂ ਤੈਨੂੰ ਪੱਕਾ ਕੰਮ ਤੇ ਰੱਖ ਲਵਾਂਗੇ। ਮੈਂ ਸੋਚਿਆ ਆਪਣੇ ਪੰਜਾਬੀ ਆਪਣੀਆਂ ਹੀ ਕੁੜੀਆ ਜੋ ਇੰਡਿਆ ਤੋਂ ਆਈਆਂ ਨੇ ਉਨ੍ਹਾਂ ਦੀ ਮਜਬੂਰੀ ਦਾ ਗਲਤ ਫ਼ਾਇਦਾ ਚੁੱਕ ਰਹੇ ਹਨ। ਫਿਰ ਮੈਨੂੰ ਪਤਾ ਲੱਗਾ ਕਿ ਮੈਨੇਜਰ ਇੱਕ ਕੁੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਚੁੱਕਾ ਸੀ ਅਤੇ ਹਰ ਇੱਕ ਕੁੜੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਦਾ ਯਤਨ ਕਰਦਾ ਹੈ। ਯੂ.ਕੇ ਵਿੱਚ ਕਰੋਨਾ ਤੋਂ ਬਾਅਦ ਕੰਮ ਬਹੁਤ ਘੱਟ ਗਿਆ ਹੈ, ਵਰਤਮਾਨ ਹਲਾਤ ਵਿੱਚ ਵੀ ਕੰਮ ਮਿਲਣਾ ਬਹੁਤ ਔਖਾ ਹੈ। ਫਿਰ ਮੈਂ ਰੈਸਟੋਰੈਂਟ ਦਾ ਕੰਮ ਵੀ ਛੱਡ ਦਿੱਤਾ ਸੀ । ਮੈਂ ਅੰਦਰੋਂ ਅੰਦਰੀ ਘੁੱਟ ਰਹੀ ਸੀ। ਫਿਰ ਮੈਨੂੰ ਇੱਕ ਨੇਪਾਲੀ ਰੈਸਟੋਰੈਂਟ ਵਿੱਚ ਕੰਮ ਮਿਲਿਆ, ਕਿਚਨ ਅਸਿਸਟੈਂਟ ਦੀ, ਕਿਉਂਕਿ ਮੇਰੇ ਕੋਲ 2 ਮਹੀਨੇ ਦਾ ਤਜਰਬਾ ਸੀ ਰੈਸਟੋਰੈਂਟ ਵਿੱਚ ਕੰਮ ਕਰਨ ਦਾ। ਉਥੇ ਸ਼ੈਫ ਜੋ ਕਿ ਨੇਪਾਲ ਦਾ ਸੀ, ਜੋ ਕਿ ਮੇਰੇ ਪਿਤਾ ਦੀ ਉਮਰ ਦਾ ਸੀ । ਮੈਂ ਉਨ੍ਹਾਂ ਦਾ ਬਹੁਤ ਆਦਰ ਕਰਦੀ ਸੀ। ਪਰ ਹੌਲੀ-ਹੌਲੀ ਉਸ ਸ਼ੈਫ (Cheff) ਨੇ ਮੈਨੂੰ ਗਲਤ ਅਪਰੋਚ ਕਰਨਾ ਚਾਹਿਆ। ਮੈਂ ਸੋਚ ਸੋਚ ਕੇ ਹੈਰਾਨ ਸੀ, ਕਿ ਮੇਰੇ ਪਿਤਾ ਦੀ ਉਮਰ ਦਾ ਇਨਸਾਨ ਜਿਸ ਦਾ ਮੈਂ ਇੰਨਾ ਆਦਰ ਕਰਦੀ ਆ, ਉਸ ਨੂੰ ਸ਼ਰਮ ਨਹੀਂ ਹੈ ਕਿ ਮੈਂ ਆਪਣੀ ਬੇਟੀ ਦੀ ਉਮਰ ਦੀ ਕੁੜੀ ਨੂੰ ਗਲਤ ਕਹਿ ਰਿਹਾ ਹਾਂ। ਮੈਂ ਇੰਨੀ ਪਰੇਸ਼ਾਨ ਹੋ ਗਈ ਸੀ, ਕਿ ਦਿਲ ਕਰ ਰਿਹਾ ਸੀ, ਕਿ ਆਤਮ-ਹੱਤਿਆ ਕਰ ਲਵਾਂ।

ਫਿਰ ਮੈਂ 1 ਮਹੀਨਾ ਅਤੇ 15 ਦਿਨ ਘਰ ਹੀ ਬੈਠੀ ਰਹੀ ਕਿਉਂਕਿ ਮੈਂ ਉੱਥੇ ਵੀ ਕੰਮ ਛੱਡ ਦਿੱਤਾ ਸੀ। ਮੈਨੂੰ ਕੋਈ ਵੀ ਸਹਾਰਾ ਨਜ਼ਰ ਨਹੀਂ ਆ ਰਿਹਾ ਸੀ। ਫਿਰ ਮੇਰੀ ਇੱਕ ਦੋਸਤ ਦੇ ਘਰ ਬੱਚਿਆਂ ਨੂੰ ਦੇਖ

ਰੇਖ ਦਾ ਕੰਮ ਮਿਲਿਆ, ਉਹ ਮੈਨੂੰ ਯੂ.ਕੇ ਦੀ ਕਰੰਸੀ ਦੇ ਅਨੁਸਾਰ ਪੈਸੇ ਤਾਂ ਬਹੁਤ ਘੱਟ ਦਿੰਦੇ ਸੀ, ਪਰ ਮੈਂ ਸੋਚਿਆ ਕਿ ਕੁਝ ਨਾ ਕਰਨ ਨਾਲੋਂ ਇੰਨਾ ਹੀ ਸਹੀ ਹੈ। ਥੋੜ੍ਹਾ ਕਮਾ ਲਵਾਂਗੀ ਪਰ ਇੱਜਤ ਨਾਲ ਕਮਾਵਾਂਗੀ। ਜਿਆਦਾ ਸਮੱਸਿਆ ਵਿਦਿਆਰਥੀ ਸਮੇਂ ਹੁੰਦੀ ਹੈ, ਕਿਉਂਕਿ ਹਫ਼ਤੇ ਦੇ 20 ਘੰਟੇ ਹੀ ਕੰਮ ਕਰ ਸਕਦੇ ਆ, ਯੂ.ਕੇ ਦੇ ਨਿਯਮਾਂ ਅਨੁਸਾਰ। ਕੈਸ਼ ਤੇ ਕਰ ਸਕਦੇ ਆ ਪਰ ਕੈਸ਼ ਦੇ ਕੰਮ ਤੇ ਵਿਦਿਆਰਥੀਆਂ ਦਾ ਬਹੁਤ ਹੀ ਸ਼ੋਸ਼ਣ ਕੀਤਾ ਜਾਂਦਾ ਹੈ। ਮੈਂ ਜਦ ਤੱਕ ਰੈਸਟੋਰੈਂਟ ਕੰਮ ਕੀਤਾ ਮੈਂ ਦਿਮਾਗੀ ਤੌਰ ਤੇ ਪਰੇਸ਼ਾਨ ਹੋ ਗਈ ਸੀ। ਇਹ ਦਿਮਾਗੀ ਪਰੇਸ਼ਾਨੀ ਸਿਰਫ਼ ਮੈਂ ਹੀ ਨਹੀਂ ਜਿੰਨੇ ਵੀ ਵਿਦਿਆਰਥੀ ਯੂ.ਕੇ ਵਿਚ ਰਹਿ ਰਹੇ ਹਨ, ਉਹ ਸਹਿੰਦੇ ਹਨ। ਖ਼ਾਸ ਕਰਕੇ ਕੁੜੀਆਂ ਜਿਨ੍ਹਾਂ ਦਾ ਸਰੀਰਕ ਤੌਰ ਤੇ ਵੀ ਫ਼ਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਵਰਤਮਾਨ ਸਮੇਂ ਵਿਚ ਮਨੁੱਖ ਇਨਸਾਨੀਅਤ ਭੁੱਲਦਾ ਜਾ ਰਿਹਾ ਹੈ। ਮੇਰੇ ਤਜਰਬੇ ਦੇ ਅਨੁਸਾਰ ਆਦਮੀ ਔਰਤ ਨੂੰ ਦਿਲ ਪ੍ਰਚਾਵੇ ਦਾ ਸਾਧਨ ਸਮਝਦਾ ਹੈ। ਪਰ ਲੋੜ ਹੈ ਇਹ ਸਮਝਣ ਦੀ ਕਿ ਜੇ ਅਸੀਂ ਕੋਈ ਕੰਮ ਆਪਣੇ ਪਰਿਵਾਰ ਮੈਂਬਰਾਂ ਤੋਂ ਛੁਪ ਕੇ ਕਰਦੇ ਹਾਂ, ਉਨ੍ਹਾਂ ਤੋਂ ਵੀ ਉੱਪਰ ਇੱਕ ਸ਼ਕਤੀ ਹੈ ਜੋ ਸਾਨੂੰ ਦੇਖ ਰਹੀ ਹੈ, ਜਿਸ ਨੇ ਸਾਨੂੰ ਸਾਰਿਆਂ ਨੂੰ ਬਣਾਇਆ ਹੈ। ਹਰ ਇਨਸਾਨ ਦੂਸਰੇ ਨਾਲ ਇੱਦਾਂ ਕਰਦਾ ਹੈ, ਕਦੇ ਸੋਚੇ ਕਿ ਰਾਵੀ ਦੀ ਜਗ੍ਹਾ ਤੇ ਉਸਦੀ ਆਪਣੀ ਭੈਣ ਹੋਵੇ ਤਾਂ ਸ਼ਾਇਦ ਉਸਦੀ ਆਪਣੀ ਹੀ ਰੂਹ ਕੰਬ ਜਾਵੇਗੀ।

ਰਾਵੀ ਨੇ ਲੰਮਾ ਸਾਹ ਲਿਆ... ਹੰਝੂਆਂ ਨਾਲ ਗਿੱਲੀਆਂ ਅੱਖਾਂ ਸਾਫ਼ ਕੀਤੀਆਂ, ਪਤਾ ਹੀ ਨਹੀਂ ਲੱਗਿਆ ਸਮਾਂ ਕਿੱਦਾਂ ਲੰਘ ਗਿਆ। ਸਾਰੀ

ਹੱਡ ਬੀਤੀ ਦੱਸਣ ਤੋਂ ਬਾਅਦ ਉਸ ਨੇ ਕਿਹਾ ਕਿ ਕਾਜਲ ਤੇਰਾ ਧੰਨਵਾਦ ਮੇਰਾ ਦਰਦ ਸੁਣਨ ਲਈ । ਯੂ.ਕੇ ਜਿੰਦਗੀ ਵਿੱਚ ਅਸੀਂ ਇਕੱਲੇ ਰਹਿ ਗਏ ਆਂ ਸਾਡਾ ਦਰਦ ਸੁਣਨ ਲਈ ਕੋਈ ਨਹੀਂ ਹੈ। ਰਾਵੀ ਦੇ ਦਰਦ ਸੁਣਨ ਤੋਂ ਬਾਅਦ ਮੈਂ ਸੋਚਿਆ ਸੀ ਕਿ ਮੈਂ ਜਿਸ ਨੂੰ ਵੀ ਮਿਲਾਂਗੀ, ਇਹੀ ਸਲਾਹ ਦੇਵਾਂਗੀ ਅਜੋਕੇ ਸਮੇਂ ਵਿੱਚ ਸਾਨੂੰ ਆਪਣੀਆਂ ਧੀਆਂ ਨੂੰ ਇਕੱਲੇ ਵਿਦੇਸ਼ ਵਿੱਚ ਨਹੀਂ ਭੇਜਣਾ ਚਾਹੀਦਾ, ਕਿਉਂਕਿ ਜੋ ਉਹ ਸਹਿੰਦੀਆਂ ਹਨ, ਉਹ ਕਦੇ ਵੀ ਆਪਣੇ ਪਰਿਵਾਰ ਨੂੰ ਨਹੀਂ ਦੱਸਦੀਆਂ ਅਤੇ ਮਾਨਸਿਕ ਤੌਰ ਤੇ ਪਰੇਸ਼ਾਨ ਹੁੰਦੀਆਂ ਹਨ।ਤਾਂ ਹੀ ਤਾਂ ਆਏ ਦਿਨ ਵਿਦਿਆਰਥੀ ਆਤਹੱਤਿਆ ਕਰ ਰਹੇ ਹਨ। ਮੇਰੇ ਇੱਕ ਦੋਸਤ ਨੇ ਅਪਟਨ ਪਾਰਕ ਲੰਦਨ ਕੋਲ ਟਰੇਨ ਦੇ ਨੀਚੇ ਆ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ। ਮੈਨੂੰ ਸ਼ਾਇਦ ਤਾਂ ਇੰਨੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ ਮੈਂ ਆਪਣੇ ਪਤੀ ਨਾਲ ਯੂ.ਕੇ. ਆਈ ਸੀ। ਮਹੀਨਾ ਪਹਿਲਾ ਦੀ ਗੱਲ ਹੈ ਕਿ ਮੇਰੀ ਇੱਕ ਦੋਸਤ ਜੋ ਕਿ ਬਰਮਿੰਘਮ ਰਹਿੰਦੀ ਸੀ, ਉਸ ਨੇ ਦੱਸਿਆ ਕਿ ਉਸ ਦੇ ਘਰ ਰਹਿੰਦੀ ਇੱਕ ਕੁੜੀ ਨੇ ਨਦੀ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਆਤਮ ਹੱਤਿਆ ਕਰਨ ਤੋਂ ਪਹਿਲਾਂ ਉਹ ਗੁਰੂ ਘਰ ਗਈ ਮੱਥਾ ਟੇਕਿਆ ਅਤੇ ਲੰਗਰ ਖਾਧਾ, ਫਿਰ ਨਦੀ ਵਿਚ ਛਾਲ ਮਾਰ ਕੇ ਜਾਨ ਦੇ ਦਿੱਤੀ, ਉਸਦੀ ਆਤਮ ਹੱਤਿਆ ਤੋਂ ਬਾਅਦ ਪਤਾ ਲੱਗਾ ਕਿ ਉਹ 3 ਮਹੀਨੇ ਦੀ ਗਰਭਵਤੀ ਸੀ। ਮੇਰੀਆਂ ਅਤੇ ਰਾਵੀ ਦੀਆਂ ਅੱਖਾਂ ਵਿੱਚ ਹੰਝੂ ਰੁਕਣ ਦਾ ਨਾਮ ਨਹੀਂ ਲੈ ਰਹੇ ਸੀ। ਅੱਜ ਦੇ ਸਮੇਂ ਦੀ ਬਾਹਰਲੇ ਦੇਸ਼ਾਂ ਦੀ ਸੱਚਾਈ ਸਭ ਦੇ ਸਾਹਮਣੇ ਹੈ, ਫਿਰ ਵੀ ਲੋਕ ਬਾਹਰਲੇ ਦੇਸ਼ਾਂ ਵਿੱਚ ਆਉਣ ਦੀ ਦੌੜ ਵਿੱਚ ਲੱਗੇ ਪਏ ਹਨ।

ਨਿਰਭਰ ਕਰਦਾ ਹੈ ਸਾਡੇ ਆਪਣੇ ਆਪ ਤੇ ਕਿ ਅਸੀਂ ਕਿੰਨਾ ਕੁ ਉਸ ਨੂੰ ਅਮਲ ਵਿੱਚ ਲਿਆਉਂਦੇ ਹਾਂ ਕਿੰਨਾ ਨਹੀ... ।

ஃ✿❀✿✿ஃ

**ਕੁਲਵਿੰਦਰ ਕੌਰ**

**ਇੰਸਟਾਗ੍ਰਾਮ: Kulwinder1012kaur**

# ਕਿੱਸਾ ਏ ਮੁਹੱਬਤ

ਹੈਲੋ ਜੀ,

ਹਰਮਨ ਜੀ ਗੱਲ ਕਰ ਰਹੇ ਹੋ?

ਹਰਮਨ: ਜੀ ਹਰਮਨ ਗੱਲ ਕਰ ਰਿਹਾ ਜੀ।

ਮੈਂ ਜੀ ਮੰਨਤ ਗੱਲ ਕਰ ਰਹੀ ਆ, ਤੁਹਾਡਾ ਨੰਬਰ ਫੇਸਬੁੱਕ ਤੋਂ ਮਿਲਿਆ ਸੀ।ਤੁਹਾਡੇ ਨਾਲ ਗੱਲ ਕਰਨੀ ਸੀ।

ਹਰਮਨ:ਓਕੇ ਜੀ, ਕਿਵੇਂ ਹੈਲਪ ਕਰ ਸਕਦਾ ਜੀ ਮੈਂ ਤੁਹਾਡੀ?

ਮੰਨਤ:ਤੁਸੀਂ ਫ੍ਰੀ ਓ ਮੈਂ ਤੁਹਾਨੂੰ ਡਿਸਟਰਬ ਤਾਂ ਨਹੀਂ ਕੀਤਾ ਜੀ?

ਹਰਮਨ:ਨਹੀਂ ਨਹੀਂ ਤੁਸੀਂ ਗੱਲ ਕਰੋ ਜੀ।

ਮੰਨਤ:ਮੈਂ ਅਕਸਰ ਤੁਹਾਡੀਆਂ ਪੋਸਟਾਂ ਪੜਦੀ ਰਹਿੰਦੀ ਆ ਤੁਸੀਂ ਬਹੁਤ ਸੋਹਣਾ ਲਿਖਦੇ ਹੋ।ਬਹੁਤ ਦੇਰ ਤੋਂ ਤੁਹਾਡੇ ਨਾਲ਼ ਗੱਲ ਕਰਨਾ ਚਾਹੁੰਦੀ ਸੀ।ਅੱਜ ਮਸਾਂ ਹਿੰਮਤ ਕਰਕੇ ਨੰਬਰ ਮਿਲਾਇਆ।

ਹਰਮਨ:ਕੋਈ ਗੱਲ ਹੀ ਨਹੀਂ ਜੀ ਤੁਸੀਂ ਹੁਕਮ ਕਰੋ।

ਮੰਨਤ:ਮੈਂ ਇੱਕ ਮੁੰਡੇ ਨਾਲ ਪਿਛਲੇ 4 ਸਾਲ ਤੋਂ ਰਿਲੇਸ਼ਨ ਚ ਆਂ ਤੇ ਅਸੀਂ ਦੋਵੇਂ ਇੱਕ ਦੂਜੇ ਨੂੰ ਬਹੁਤ ਮੁਹੱਬਤ ਕਰਦੇ ਆ। ਪਰ ਸਾਡੇ ਚ ਲੜਾਈਆਂ ਦਾ ਸਿਲਸਿਲਾ ਪਹਿਲੇ ਦਿਨ ਤੋਂ ਹੀ ਬਹੁਤ ਆ।

ਹਰਮਨ:ਓਕੇ ਜੀ ਪਲੀਜ਼ ਆਪਣੇ ਬਾਰੇ ਦੱਸੋ ਪਹਿਲਾਂ।

ਮੰਨਤ:ਮੈਂ ਐਮ. ਏ. ਫਾਈਨਲ ਯੀਅਰ ਦੀ ਸਟੂਡੈਂਟ ਆ,ਘਰ ਚ ਦੋ ਭੈਣਾਂ ਤੇ ਇੱਕ ਵੀਰਾ ਆ।ਮੰਮੀ ਪਾਪਾ ਦੋਵੇਂ ਗੌਰਮੈਂਟ ਜੌਬ ਕਰਦੇ ਆ।

ਹਰਮਨ: ਓਕੇ ਜੀ, ਹੁਣ ਆਪਣੀ ਗੱਲ ਨੂੰ ਅੱਗੇ ਵਧਾਓ ਜੀ।

ਮੰਨਤ:ਮੈਂ ਆਪਣੀ ਲਾਈਫ ਤੋਂ ਬਹੁਤ ਜਿਆਦਾ ਪਰੇਸ਼ਾਨ ਆ ਪਲੀਜ਼ ਥੋੜੀ ਦੇਰ ਲਈ ਮੇਰੀ ਗੱਲ ਸੁਣ ਲਓ।

ਹਰਮਨ:ਹਾਂਜੀ ਹਾਂਜੀ ਤੁਸੀਂ ਕਮਫਰਟੇਬਲ ਹੋ ਕੇ ਗੱਲ ਕਰੋ ਜੀ।

ਮੰਨਤ:ਪਲੀਜ਼ ਮੈਨੂੰ ਗਲਤ ਨਾ ਸਮਝਿਓ ਯਕੀਨ ਕਰਕੇ ਤੁਹਾਨੂੰ ਕਾਲ ਕੀਤੀ ਆ।

ਮੈਂ ਇੱਕ ਮੁੰਡੇ ਨਾਲ ਪਿਛਲੇ ਚਾਰ ਸਾਲ ਤੋਂ ਰਿਲੇਸ਼ਨ ਚ ਆ ਸਾਡੇ ਚ ਕਲੇਸ਼ ਬਹੁਤ ਜਿਆਦਾ ਹੁੰਦਾ ਆ।ਕਲੇਸ਼ ਵੀ ਐਸਾ ਕਿ ਮਰਨ ਮਰਾਉਣ ਤੱਕ ਚਲੇ ਜਾਂਦੇ ਹਾਂ।

ਹਰਮਨ:ਤੁਸੀਂ ਇਸ ਤਰ੍ਹਾਂ ਦੇ ਰਿਲੇਸ਼ਨ ਚ ਹੈ ਹੀ ਕਿਉਂ ਅਗਰ ਲੜਾਈਆਂ ਤੋਂ ਇਲਾਵਾ ਕੁਝ ਹੈ ਹੀ ਨਹੀਂ।

ਮੰਨਤ:ਇੱਦਾਂ ਨਹੀਂ ਵੈਸੇ ਅਸੀਂ ਇੱਕ ਦੂਜੇ ਨੂੰ ਬਹੁਤ ਜਿਆਦਾ ਪਿਆਰ ਕਰਦੇ ਹਾਂ। ਪਰ ਫੇਰ ਵੀ ਨਿੱਕੀ ਨਿੱਕੀ ਗੱਲ ਤੇ ਲੜਾਈ ਹੋ ਜਾਂਦੀ ਆ।

ਹਰਮਨ:ਜਿਹਨਾਂ ਗੱਲਾਂ ਤੋਂ ਲੜਾਈਆਂ ਹੁੰਦੀਆਂ ਨੇ ਓਹ ਗੱਲਾਂ ਨੂੰ ਅਵੋਇਡ ਕਰਲੋ ਤੇ ਲੜਾਈਆਂ ਆਪੇ ਘਟ ਜਾਣਗੀਆਂ ।

ਮੰਨਤ:ਹਰ ਵਾਰ ਮੈਨੂੰ ਗਲਤ ਹੋਣ ਦਾ ਕਿਹਾ ਜਾਂਦਾ ਆ ਮੈਂ ਹਰ ਗਲਤੀ ਨੂੰ ਆਪਣੇ ਸਿਰ ਮੱਥੇ ਵੀ ਲੈ ਲੈਂਦੀ ਹਾਂ। ਮੇਰੀ ਗਲਤੀ ਹੁੰਦੀ ਵੀ ਨਹੀਂ ਆ ਫੇਰ ਵੀ ਮੈਂ ਕਿਸੀ ਗੁਨਾਹਗਾਰ ਤੋਂ ਘੱਟ ਨਹੀਂ ਆ।

ਹਰਮਨ:ਤੁਸੀਂ ਰਿਲੇਸ਼ਨ ਚ ਆਏ ਕਿਵੇਂ ਸੀ,ਮੇਰਾ ਮਤਲਬ ਤੁਹਾਡੇ ਰਿਲੇਸ਼ਨ ਦੀ ਸ਼ੁਰੂਆਤ ਕਿਵੇਂ ਹੋਈ ਸੀ।

ਮੰਨਤ:ਅਸੀਂ ਦੋਵੇਂ ਇੱਕੋ ਕਾਲਜ ਚ ਪੜ੍ਹਦੇ ਸੀ।ਉਦੋਂ ਹੀ ਇੱਕ ਦੂਜੇ ਨਾਲ ਮੁਹੱਬਤ ਹੋ ਗਈ ਤੇ ਸਾਡਾ ਰਿਸ਼ਤਾ ਬਣ ਗਿਆ।

ਹਰਮਨ:ਤੁਸੀਂ ਰਿਲੇਸ਼ਨ ਚ ਆਉਣ ਤੋਂ ਪਹਿਲਾਂ ਇੱਕ ਦੂਜੇ ਨੂੰ ਟਾਇਮ ਨਹੀਂ ਦਿੱਤਾ,ਇੱਕ ਦੂਜੇ ਦੀਆਂ ਚੰਗੀਆਂ ਮਾੜੀਆਂ ਗੱਲਾਂ ਨੂੰ ਨਹੀਂ ਵੇਖਿਆ?

ਮੰਨਤ: ਓਹਨਾਂ ਨੇ ਮੇਰੇ ਨਾਲ ਗੱਲਾਂ ਹੀ ਐਸੀਆਂ ਕੀਤੀਆਂ ਕਿ ਮੈਨੂੰ ਕੁਝ ਸੋਚਣ ਸਮਝਣ ਦਾ ਟਾਇਮ ਹੀ ਨਾ ਮਿਲਿਆ।

ਹਰਮਨ:ਮੈਡਮ ਇਹੋ ਤਾਂ ਗੱਲ ਹੁੰਦੀਆਂ, ਸੂਟਾਂ ਦੇ ਰੰਗ ਤੁਸੀਂ ਚੁਣ ਚੁਣ ਲੈਣੇ ਹੁੰਦੇ ਆ ਤੇ ਹਮਸਫ਼ਰ ਚੁਣਨ ਲੱਗੇ ਤੁਸੀਂ ਟਾਇਮ ਹੀ ਨਹੀਂ ਲੈਂਦੇ।

ਮੰਨਤ: ਉਹ ਬਹੁਤ ਵਧੀਆ ਮੁੰਡਾ ਆ ਕੋਈ ਨਸ਼ਾ ਪੱਤਾ ਨਹੀਂ ਕਰਦਾ ਤੇ ਨਾ ਹੀ ਕੋਈ ਗਲਤ ਸੰਗਤੀ ਆ।

ਹਰਮਨ:ਅਗਰ ਵਧੀਆ ਮੁੰਡਾ ਆ ਤਾਂ ਲੜਾਈਆਂ ਦੀ ਵਜ੍ਹਾ ਕੀ ਆ ਜੀ ਫੇਰ?

ਮੰਨਤ: ਸਾਡੇ ਚ ਲੜਾਈ ਕਦੇ ਆਪਸੀ ਨਹੀਂ ਹੋਈ ਜਦੋਂ ਵੀ ਲੜਾਈ ਹੁੰਦੀ ਕਿਸੇ ਤੀਜੇ ਕਰਕੇ ਹੀ ਹੁੰਦੀ ਆ।

ਹਰਮਨ:ਇੱਕ ਦੂਜੇ ਤੇ ਸ਼ੱਕ ਕਰਦੇ ਓ?

ਮੰਨਤ:ਨਹੀਂ ਸ਼ੱਕ ਵੀ ਨਹੀਂ ਬਸ ਬਿਨਾ ਕਿਸੇ ਗੱਲ ਤੋਂ ਹੀ ਲੜਾਈ ਹੋ ਜਾਂਦੀ ਆ ਪਰ ਵਜ੍ਹਾ ਕੋਈ ਤੀਸਰਾ ਬੰਦਾ ਹੀ ਹੁੰਦਾ ਆ।

ਹਰਮਨ:ਜਿਹਨਾਂ ਬੰਦਿਆਂ ਕਰਕੇ ਲੜਾਈ ਹੁੰਦੀ ਆ।ਰਿਲੇਸ਼ਨ ਬਚਾਉਣ ਲਈ ਉਹ ਬੰਦਿਆਂ ਨੂੰ ਤਿਆਗ ਦਿਓ।

ਮੰਨਤ: ਮੈਂ ਜੀ ਆਪਣੀਆਂ ਸਹੇਲੀਆਂ ਨੂੰ ਵੀ ਬੁਲਾਉਣਾ ਛੱਡ ਦਿੱਤਾ।ਮੇਰੀ ਇੰਸਟਾ ਫੇਸਬੁੱਕ ਹਰ ਇੱਕ ਪਾਸਵਰਡ ਓਹਦੇ ਕੋਲ ਆ।ਫੇਰ ਵੀ ਸਾਡੇ ਚ ਬਹੁਤ ਜਿਆਦਾ ਕਲੇਸ਼ ਹੁੰਦਾ ਆ।ਮੈਂ ਕਦੇ ਵੀ

ਕਿਸੇ ਨਾਲ ਗੱਲ ਨਹੀਂ ਸ਼ੇਅਰ ਕੀਤੀ। ਪਰ ਮੁਹੱਬਤ ਓਹਨੂੰ ਮੈਂ ਹੱਦ ਤੋਂ ਵੱਧਕੇ ਕੀਤੀ ਆ।

ਹਰਮਨ: ਤੁਹਾਡੇ ਕੋਲੋਂ ਪੈਸੇ ਦੀ ਮੰਗ ਕੀਤੀ ਜਾਂਦੀ ਹੋਵੇ ਜਾਂ ਕੋਈ ਹੋਰ ਐਸੀ ਗੱਲ ਜੋ ਤੁਸੀਂ ਕਰਨ ਚ ਅਸਮਰੱਥ ਹੋਵੋ?

ਮੰਨਤ: ਪੈਸੇ ਦਾ ਤਾਂ ਸਾਡੇ ਚ ਕੁਸ਼ ਹੈ ਹੀ ਨਹੀਂ, ਹਾਂ ਕੁਝ ਗੱਲਾਂ ਐਸੀਆਂ ਨੇ ਜਿਹਨਾਂ ਨੂੰ ਕਰਨ ਲਈ ਮੈਂ ਹਾਮੀ ਨਹੀਂ ਭਰੀ।ਉਹ ਸ਼ਾਇਦ ਤੁਸੀਂ ਸਮਝ ਸਕਦੇ ਹੋ।

ਹਰਮਨ: ਤੁਸੀਂ ਚਾਰ ਸਾਲ ਕਿਵੇਂ ਕੱਢ ਲਏ ਮਤਲਬ ਕਿ ਜਿੱਥੇ ਫਿਜ਼ੀਕਲ ਹੋਣ ਦੀ ਜ਼ਿੱਦ ਕਰੀ ਜਾ ਰਹੀ ਹੋਵੇ ਤੇ ਕੁੜੀ ਨਾ ਮੰਨਦੀ ਹੋਵੇ ਤਾਂ ਮੁੰਡੇ ਤਾਂ ਬਹੁਤ ਜਲਦੀ ਹੀ ਛੱਡ ਜਾਂਦੇ ਆ।

ਮੰਨਤ: ਮੈਂ ਓਹਨਾਂ ਨੂੰ ਬਹੁਤ ਜਿਆਦਾ ਪਿਆਰ ਕੀਤਾ। ਓਹਨਾਂ ਦਾ ਹਰ ਜਗ੍ਹਾ ਸਾਥ ਦਿੱਤਾ।ਓਹਨਾਂ ਦੇ ਘਰਦੇ ਓਹਨਾਂ ਤੋਂ ਪਿੱਛੇ ਹਟ ਜਾਂਦੇ ਸੀ। ਪਰ ਮੈਂ ਇੱਕ ਪਤਨੀ ਵਾਂਗ ਸਾਥ ਦਿੱਤਾ।

ਓਹਨਾਂ ਨੇ ਮੈਨੂੰ ਬਹੁਤ ਵਾਰ ਛੱਡਣ ਲਈ ਕਿਹਾ ਈਵਨ ਕਿ ਦੋ ਦੋ ਮਹੀਨੇ ਬਲੌਕ ਵੀ ਰੱਖਿਆ ਪਰ ਫੇਰ ਵੀ ਮੈਂ ਕਿਸੇ ਨਾ ਕਿਸੇ ਤਰ੍ਹਾਂ ਮਿੰਨਤਾਂ ਤਰਲੇ ਕਰਕੇ ਓਹਨਾਂ ਨੂੰ ਮਨਾ ਲੈਂਦੀ ਸੀ।

ਹਰਮਨ:ਤੁਸੀਂ ਮੈਨੂੰ ਆਪਣੀ ਫੋਟੋ ਭੇਜ ਸਕਦੇ ਹੋ ਜਾਂ ਵੀਡਿਓ ਕਾਲ ਕਰ ਸਕਦੇ ਹੋ?ਅਗਰ ਬੁਰਾ ਨਾ ਸਮਝੋ।।

ਓਸੇ ਵਕਤ ਮੰਨਤ ਨੇ ਵੀਡਿਓ ਕਾਲ ਕਰ ਲਈ।।

ਹਰਮਨ ਨੇ ਸਿਰਫ਼ ਦੋ ਮਿੰਟ ਮੰਨਤ ਨੂੰ ਵੇਖਿਆ ਅਸਲ ਚ ਮੰਨਤ ਓਹਦੇ ਕੋਲੋਂ ਰੋਂਦੀ ਵੇਖੀ ਨਾ ਗਈ।

ਮੰਨਤ ਦਾ ਗੋਰਾ ਰੰਗ ਮਿਰਗਾਂ ਵਰਗੀਆਂ ਅੱਖਾਂ ਹੇਠਾਂ ਕਾਲੇ ਘੇਰਿਆਂ

ਦੇ ਨਿਸ਼ਾਨ ਤੇ ਰੋ ਰੋ ਕੇ ਬੁਰਾ ਹਾਲ ਕੀਤਾ ਹੋਇਆ।ਸੋਹਣੀ ਸੁਨੱਖੀ ਮੁਟਿਆਰ ਕਿਸੇ ਪਾਗ਼ਲ ਤੋਂ ਘੱਟ ਨਹੀਂ ਲੱਗ ਰਹੀ ਸੀ ।

ਫ਼ੋਨ ਕੱਟਣ ਤੋਂ ਬਾਅਦ ਹਰਮਨ ਨੇ ਕਾਲ ਬੈਕ ਨਾ ਕੀਤੀ।ਥੋੜ੍ਹੀ ਦੇਰ ਬਾਅਦ ਦੁਬਾਰਾ ਫੇਰ ਤੋਂ ਮੰਨਤ ਦੀ ਕਾਲ ਆਈ।

ਪਲੀਜ਼ ਮੈਨੂੰ ਮੁਆਫ਼ ਕਰਿਓ ਮੈਂ ਇੱਕ ਚੰਗੀ ਸਲਾਹ ਦੀ ਉਮੀਦ ਚ ਤੁਹਾਨੂੰ ਫੋਨ ਕੀਤਾ ਸੀ।

ਹਰਮਨ: ਮੈਂ ਤੁਹਾਨੂੰ ਜਾਣਦਾ ਨਹੀਂ ਆ ਤੇ ਨਾ ਹੀ ਇੱਕ ਵਾਰ ਗੱਲ ਕਰਕੇ ਮੈਂ ਤੁਹਾਨੂੰ ਜਾਂ ਉਹ ਲੜਕੇ ਨੂੰ ਸਹੀ ਗਲਤ ਪਰੂਵ ਕਰ ਸਕਦਾ।ਮੇਰੀ ਇੱਕੋ ਸਲਾਹ ਆ ਕਿ ਜਾਂ ਤਾਂ ਪਿਆਰ ਦੀ ਖਾਤਿਰ ਲੜਾਈਆਂ ਦੁੱਖਾਂ ਨੂੰ ਦਿਲ ਤੇ ਸਹਿ ਲਓ। ਜਾਂ ਫੇਰ ਦਿਲ ਤੇ ਪੱਥਰ ਰੱਖ ਕੇ ਇੱਕ ਵਾਰ ਕੌੜਾ ਘੁੱਟ ਭਰ ਲਓ ।

ਮੰਨਤ: ਮੈਂ ਓਹਦੇ ਬਿਨਾ ਰਹਿ ਹੀ ਨਹੀਂ ਸਕਦੀ ਜਿੰਨਾ ਪਿਆਰ ਮੈਂ ਓਹਨੂੰ ਕੀਤਾ ਕਿਸੀ ਹੋਰ ਨਾਲ ਮੇਰੇ ਕੋਲੋਂ ਹੋਣਾ ਨਹੀਂ ਆ।ਮੈਂ ਓਹਦੇ ਬਿਨਾ ਅਧੂਰੀ ਆ ਤੇ ਕਦੇ ਵੀ ਪੂਰੀ ਨਹੀਂ ਹੋ ਸਕਦੀ ਤੇ ਓਹਦੇ ਬਿਨਾ ਮੇਰੀ ਮੌਤ ਪੱਕੀ ਆ।

ਹਰਮਨ:ਅਗਰ ਤੁਹਾਡੀ ਮੁਹੱਬਤ ਚ ਵਾਕਿਆ ਹੀ ਦਮ ਹੋਇਆ ਤਾਂ ਉਹ ਤੁਹਾਨੂੰ ਪਾਉਣ ਲਈ ਹਰ ਯਤਨ ਕਰੇਗਾ ਤੇ ਸੁਧਰਨ ਦੀ ਹਰ ਕੋਸ਼ਿਸ਼ ਕਰੇਗਾ।ਅਗਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਫੇਰ ਖ਼ੁਦ ਦੀ ਮੁਹੱਬਤ ਨੂੰ ਇਸ ਮੁਕਾਮ ਤੇ ਪਹੁੰਚਾਇਉ ਕਿ ਜੀਹਦੇ ਨਾਲ ਵੀ ਧੁਰ ਦੇ ਸੰਜੋਗ ਜੋੜਣੇ ਓਹਨੂੰ ਤੁਹਾਡਾ ਕਿੱਸਾ ਏ ਮੁਹੱਬਤ ਸੁਣਕੇ ਹੀ ਤੁਹਾਡੇ ਨਾਲ ਮੁਹੱਬਤ ਹੋ ਜਾਏ।

ਬਿਨਾ ਕੁਝ ਬੋਲੇ ਫ਼ੋਨ ਕੱਟਿਆ ਗਿਆ, ਡੇਢ ਮਹੀਨੇ ਬਾਅਦ ਮੰਨਤ ਨੇ ਇੱਕ ਸੋਹਣੇ ਸਰਦਾਰ ਮੁੰਡੇ ਨਾਲ ਫੋਟੋ ਭੇਜ ਕੇ ਮੈਸੇਜ ਭੇਜਿਆ।

"ਮੈਂ ਆਪਣੇ ਘਰਦਿਆਂ ਦੀ ਮਰਜੀ ਨੂੰ ਸਿਰ ਮੱਥੇ ਮੰਨ ਲਿਆ ਤੇ ਸਰਦਾਰ ਜੀ ਨਾਲ ਰਿਸ਼ਤਾ ਜੁੜਨ ਤੋਂ ਪਹਿਲਾਂ ਪਾਸਟ ਦੀ ਹਰ ਨਿੱਕੀ ਨਿੱਕੀ ਗੱਲ ਪੂਰਾ ਸੱਚ ਬੋਲ ਕੇ ਦੱਸ ਦਿੱਤੀ, ਮੇਰੀ ਅਧੂਰੀ ਕਹਾਣੀ ਨੂੰ ਸਰਦਾਰ ਜੀ ਨੇ ਆਪਣੇ ਪਿਆਰ ਨਾਲ ਪੂਰਾ ਕਰ ਦਿੱਤਾ"

ঃ৩✿✿❀✿✿৩ঃ

**ਜਸਕਰਨ ਬੰਗਾ**

**ਇੰਸਟਾਗ੍ਰਾਮ: BANGAJAS07**

# ਰਿਸ਼ਤੇ

ਬਾਪੂ ਟਰੱਕ ਡਰਾਈਵਰ ਸੀ ਤੇ ਹਮੇਸ਼ਾ ਲੰਬਿਆ ਰੂਟਾਂ ਤੇ ਗੱਡੀ ਚਲਾਇਆ ਕਰਦਾ ਸੀ।ਜਦ ਵੀ ਮਹੀਨੇ ਬਾਅਦ ਘਰ ਆਉਂਦਾ ਸੀ ਤਾਂ ਹਮੇਸ਼ਾਂ ਹੀ ਬੇਬੇ ਬਾਪੂ ਨੂੰ ਆਪਸ ਚ ਲੜਦਿਆਂ ਹੀ ਵੇਖਿਆ ਕਰਦੇ ਸੀ।ਇੱਕ ਭੈਣ ਮੇਰੇ ਤੋਂ ਵੱਡੀ ਸੀ ਅਤੇ ਦੋ ਭੈਣ ਭਰਾ ਮੇਰੇ ਕੋਲੋਂ ਛੋਟੇ ਸੀ।

ਬੇਬੇ ਬਾਪੂ ਜਦ ਵੀ ਲੜਿਆ ਕਰਦੇ ਸੀ ਹਮੇਸ਼ਾ ਇੱਕ ਦੂਜੇ ਨੂੰ ਬੰਦਿਆਂ ਅਤੇ ਔਰਤਾਂ ਦੇ ਨਾਮ ਲੈਕੇ ਤਾਹਨੇ ਮਿਹਣੇ ਮਾਰਿਆ ਕਰਦੇ ਸੀ।ਇੱਕ ਵਾਰ ਬਾਪੂ ਘਰ ਆਇਆ ਤੇ ਦਾਦੀ ਵਾਲੇ ਕਮਰੇ ਚ ਹੀ ਰੁਕ ਗਿਆ।ਬੇਬੇ ਨੇ ਓਹਨੂੰ ਖ਼ੁਦ ਵੀ ਬੁਲਾਇਆ ਤੇ ਮੈਨੂੰ ਤੇ ਵੱਡੀ ਭੈਣ ਨੂੰ ਵੀ ਬੁਲਾਉਣ ਲਈ ਭੇਜਿਆ ਪਰ ਬਾਪੂ ਸਾਡੇ ਕੋਲ ਨਾ ਆਇਆ।

ਅਗਲੇ ਦਿਨ ਸਵੇਰ ਨੂੰ ਬਾਪੂ ਤੇ ਦਾਦੀ ਤਿਆਰ ਹੋ ਕੇ ਕਿਤੇ ਚਲੇ ਗਏ ਤੇ ਦੁਪਿਹਰ ਨੂੰ ਇੱਕ ਨਵੀਂ ਔਰਤ ਦੇ ਨਾਲ ਘਰ ਵਾਪਿਸ ਆ ਗਏ।ਗਲੀ ਮੁਹੱਲੇ ਵਾਲੇ ਆ ਕੇ ਮੁਬਾਰਕਾਂ ਦੇ ਰਹੇ ਸੀ ਤੇ ਬਾਪੂ ਤੇ ਦਾਦੀ ਖ਼ੁਸ਼ੀ ਖ਼ੁਸ਼ੀ ਸਭ ਦਾ ਮੂੰਹ ਮਿੱਠਾ ਕਰਵਾ ਰਹੇ ਸੀ।ਅੰਦਰ ਮੇਰੀ ਬੇਬੇ ਬੈਠੀ ਧਾਹੀਂ ਰੋ ਰਹੀ ਸੀ।ਮੇਰੇ ਨਾਨਕੇ ਆਏ ਓਹਨਾਂ ਨੇ ਆ ਕੇ ਬਾਪੂ ਹੁਣਾਂ ਨਾਲ ਲੜਾਈ ਕੀਤੀ ਤੇ ਪੰਚਾਇਤ ਨੇ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਬਾਪੂ ਤੇ ਦਾਦੀ ਤੇ ਕੋਈ ਅਸਰ ਨਾ ਹੋਇਆ ਸਗੋਂ ਭਰੀ ਪੰਚਾਇਤ ਚ ਦਾਦੀ ਨੇ ਆਖ ਦਿੱਤਾ ਮੈਂ ਆਪਣੀ ਨਵੀਂ ਬਹੂ ਘਰ ਚ ਰੱਖਣੀ ਆ।ਇਹ ਚਾਹੇ ਤਾਂ ਘਰ ਛੱਡਕੇ ਜਾ ਸਕਦੀ ਆ।

ਇਸੇ ਲੜਾਈ ਦੇ ਸਿਲਸਿਲੇ ਚ ਕੁਝ ਦਿਨ ਬੀਤੇ ਬੇਬੇ ਸਾਨੂੰ ਸਾਰਿਆਂ ਨੂੰ ਆਪਣੇ ਨਾਲ ਲੈਕੇ ਨਾਨਕੇ ਘਰ ਚਲੇ ਗਈ।ਨਾਨਕਿਆਂ ਨੇ ਵੀ ਕੁਸ਼ ਦਿਨ ਰੱਖਿਆ ਤੇ ਓਹਨਾਂ ਨੇ ਵੀ ਦੁਬਾਰਾ ਸਾਨੂੰ ਘਰ ਜਾਣ ਲਈ ਆਖ ਦਿੱਤਾ।

ਮੇਰੀ ਮਾਂ ਬੀਮਾਰ ਹੋ ਗਈ ਓਹਨੇ ਰੋਟੀ ਪਾਣੀ ਵੀ ਖਾਣਾ ਛੱਡ ਦਿੱਤਾ ਤੇ ਹਫ਼ਤੇ ਚ ਹੀ ਮਾਂ ਨੇ ਖੁਦਕੁਸ਼ੀ ਕਰ ਲਈ।ਮੈਂ ਛੇਵੀਂ ਕਲਾਸ ਚ ਸੀ ਵੱਡੀ ਭੈਣ ਅੱਠਵੀਂ ਕਲਾਸ ਚ ਸੀ ਤੇ ਸਭ ਤੋਂ ਛੋਟਾ ਵੀਰ ਤਾਂ ਹਜੇ ਅੱਠਵੇਂ ਮਹੀਨੇ ਚ ਸੀ।

ਮਾਂ ਦੀ ਮੌਤ ਤੋਂ ਬਾਅਦ ਘਰ ਦਾ ਮਾਹੌਲ ਸ਼ਮਸ਼ਾਨ ਵਰਗਾ ਹੋ ਗਿਆ ਸੀ।ਮੈਨੂੰ ਤਾਂ ਕੋਈ ਖ਼ਾਸ ਸੋਝੀ ਨਹੀਂ ਸੀ।ਪਰ ਭੈਣ ਨੂੰ ਪੂਰੀ ਸਮਝ ਸੀ।ਭੈਣ ਨੇ ਆਪਣੀ ਪੜਾਈ ਛੱਡ ਦਿੱਤੀ ਤੇ ਮੈਨੂੰ ਮਾਮੇ ਹੁਣਾਂ ਨਾਲ ਭੇਜ ਦਿੱਤਾ।ਛੋਟੇ ਵੀਰ ਨੂੰ ਵੀ ਮਾਂ ਦੀ ਗੋਦੀ ਦਾ ਨਿੱਘ ਨਾ ਮਿਲਣ ਕਰਕੇ ਉਹ ਵੀ ਜਲਦੀ ਹੀ ਰੱਬ ਨੂੰ ਪਿਆਰਾ ਹੋ ਗਿਆ।ਓਹਦੇ ਨਾਲ ਮੇਰੀ ਭੈਣ ਹੋਰ ਵੀ ਟੁੱਟ ਗਈ।

ਬਾਪੂ ਜੀ ਟਰੱਕ ਤੇ ਹੀ ਰਹਿੰਦੇ ਸੀ ਪਿੱਛੇ ਨਵੀਂ ਆਈ ਮੰਮੀ ਬਹੁਤ ਹੀ ਤੰਗ ਪਰੇਸ਼ਾਨ ਕਰਿਆ ਕਰਦੀ ਸੀ।ਮੇਰੀ ਭੈਣ ਨੇ ਅਗਰ ਕਦੇ ਵਾਲ ਵਾਹੁਣ ਲੱਗਣਾ ਜਾਂ ਕਦੇ ਸਿਰ ਨੂੰ ਤੇਲ ਵੀ ਲਗਾ ਲੈਣਾ ਤਾਂ ਵੀ ਓਹਨੂੰ ਮਿਹਣਿਆਂ ਨਾਲ ਮਰਨ ਬਰਾਬਰ ਕਰ ਦਿਆ ਕਰਦੀ ਸੀ।

ਮੈਨੂੰ ਮੇਰੇ ਮਾਮੇ ਨੇ ਆਪਣੇ ਬੱਚਿਆਂ ਦੇ ਬਰਾਬਰ ਰੱਖਿਆ ਤੇ ਕਦੇ ਵੀ ਮਾਂ ਪਿਓ ਦੀ ਕਮੀ ਨਾ ਮਹਿਸੂਸ ਹੋਣ ਦਿੱਤੀ।ਓਥੇ ਰਹਿਣ ਕਰਕੇ ਮੇਰਾ ਆਪਣੀਆਂ ਭੈਣਾਂ ਤੋਂ ਮੋਹ ਘਟ ਗਿਆ ਅਤੇ ਪਿੰਡ ਆਉਣਾ ਜਾਣਾ ਵੀ ਘਟ ਗਿਆ।ਇੱਕ ਦਿਨ ਸੁਬਾਹ ਮੈਂ ਸਕੂਲ ਜਾਣ ਲਈ ਤਿਆਰ ਹੋ

ਰਿਹਾ ਸੀ ਤੇ ਬਾਹਰੋਂ ਬੂਹਾ ਖੜਕਣ ਦੀ ਆਵਾਜ਼ ਆਈ ਜਦੋਂ ਮੈਂ ਬਾਹਰ ਜਾ ਕੇ ਵੇਖਿਆ ਤਾਂ ਬਾਹਰ ਮੇਰੀਆਂ ਦੋਵੇਂ ਭੈਣਾਂ ਖੜੀਆਂ ਸੀ ਤੇ ਦੋਵਾਂ ਦੇ ਪਿੰਡਿਆਂ ਤੇ ਲਾਸ਼ਾਂ ਦੇ ਨਿਸ਼ਾਨ ਪਏ ਹੋਏ ਸੀ।ਜਲਦੀ ਜਲਦੀ ਓਹਨਾਂ ਨੂੰ ਅੰਦਰ ਲੈਕੇ ਆਇਆ ਤੇ ਮਾਮੇ ਹੁਣਾਂ ਨੇ ਓਹਨਾਂ ਦੀ ਹਾਲਤ ਦਾ ਪੁੱਛਿਆ ਤਾਂ ਪਤਾ ਚੱਲਿਆ ਕਿ ਛੋਟੀ ਭੈਣ ਨੇ ਬੈਡ ਤੇ ਹੀ ਪਿਸ਼ਾਬ ਕਰ ਦਿੱਤਾ ਸੀ ਇਸ ਲਈ ਨਵੀਂ ਮੰਮੀ ਨੇ ਦੋਵਾਂ ਭੈਣਾਂ ਨੂੰ ਸਜ਼ਾ ਦਿੱਤੀ ਆ।

ਫਿਰ ਮਾਮੇ ਨੇ ਭੈਣਾਂ ਨੂੰ ਵੀ ਓਥੇ ਆਪਣੇ ਕੋਲ ਹੀ ਰੱਖ ਲਿਆ ਵੱਡੀ ਭੈਣ ਨੇ ਪੜ੍ਹਨ ਤੋਂ ਮਨ੍ਹਾ ਕਰ ਦਿੱਤਾ ਤੇ ਛੋਟੀ ਨੂੰ ਓਥੇ ਹੀ ਸਕੂਲ ਲਗਾ ਦਿੱਤਾ।

ਪਹਿਲਾਂ ਤਾਂ ਮਾਮੇ ਕੋਲ ਇਕੱਲਾ ਮੈਂ ਸੀ ਪਰ ਭੈਣਾਂ ਦੇ ਆਉਣ ਕਰਕੇ ਮਾਮੀ ਦਾ ਵਤੀਰਾ ਸਾਡੇ ਨਾਲ ਬਦਲ ਗਿਆ ਓਹਨੇ ਗੱਲ ਗੱਲ ਤੇ ਸਾਨੂੰ ਟੋਕਣਾ ਸ਼ੁਰੂ ਕਰ ਦਿੱਤਾ।ਛੋਟੀ ਭੈਣ ਬਹੁਤ ਨਿਆਣੀ ਸੀ ਓਹਨੂੰ ਸੁੱਤੀ ਪਈ ਨੂੰ ਪਿਸ਼ਾਬ ਕਰਨ ਦੀ ਆਦਤ ਸੀ ਓਹਦੀ ਇਹ ਆਦਤ ਤੋਂ ਤੰਗ ਆ ਕੇ ਮਾਮੀਂ ਨੇ ਓਹਨੂੰ ਬੋਰੀ ਵਿਛਾ ਕੇ ਫ਼ਰਸ਼ ਤੇ ਸਵਾਉਣਾ ਸ਼ੁਰੂ ਕਰ ਦਿੱਤਾ ਤੇ ਇੱਕ ਦਿਨ ਐਸਾ ਆਇਆ ਕਿ ਸਾਨੂੰ ਮਾਮੇ ਹੁਣਾ ਨੇ ਵੀ ਘਰੋਂ ਕੱਢ ਦਿੱਤਾ।ਸਾਡੇ ਕੋਲ ਸਿਰ ਲੁਕਾਉਣ ਲਈ ਵੀ ਕੋਈ ਜਗ੍ਹਾ ਨਹੀਂ ਸੀ।

ਦਾਦੀ ਦੀ ਸ਼ਾਇਦ ਨਵੀਂ ਲਿਆਂਦੀ ਮੰਮੀ ਨਾਲ ਨਾ ਬਣੀ ਤਾਂ ਉਹ ਸਾਨੂੰ ਆਪਣੇ ਕੋਲ ਲੈ ਗਈ।ਕੁਝ ਅਰਸੇ ਬਾਅਦ ਬਾਪੂ ਜੀ ਦਾ ਰੋਡ ਐਕਸੀਡੈਂਟ ਚ ਇੰਤਕਾਲ ਹੋ ਗਿਆ ਤੇ ਉਹ ਨਵੀਂ ਆਈ ਮੰਮੀ ਵੀ ਆਪਣੇ ਹਿੱਸੇ ਆਈ ਜ਼ਮੀਨ ਵਗੈਰਾ ਵੇਚ ਵੱਟ ਕੇ ਉਲਾਂਭੇ ਹੋ ਗਈ।

ਹਲਾਤ ਐਸੇ ਬਣ ਗਏ ਕਿ ਮੈਨੂੰ ਸਭ ਰਿਸ਼ਤਿਆਂ ਤੋਂ ਨਫ਼ਰਤ ਹੋ ਗਈ।ਬਾਪੂ ਨਾਲ ਤਾਂ ਉਸ ਦਿਨ ਹੀ ਨਫ਼ਰਤ ਹੋ ਗਈ ਸੀ ਜਿੱਦਣ ਓਹਨੇ ਮੇਰੀ ਮਾਂ ਦੀ ਜਗ੍ਹਾ ਕਿਸੇ ਹੋਰ ਔਰਤ ਨੂੰ ਦੇ ਦਿੱਤੀ ਸੀ।ਪਰ ਜਦ ਮੈਨੂੰ ਥੋੜੀ ਸੋਝੀ ਆਈ ਲੋਕਾਂ ਕੋਲੋਂ ਆਪਣੇ ਮਾਂ ਪਿਓ ਦੇ ਰਿਸ਼ਤੇ ਬਾਰੇ ਪੁੱਛਿਆ ਤਾਂ ਮੈਨੂੰ ਆਪਣੀ ਮਰੀ ਮਾਂ ਤੋਂ ਵੀ ਨਫ਼ਰਤ ਹੋ ਗਈ ਸੀ।ਜਿਹਨੇ ਆਪਣੇ ਬੱਚਿਆਂ ਦੀ ਜ਼ਿੰਦਗੀ ਬਾਰੇ ਨਾ ਸੋਚ ਤੇ ਆਪਣੀ ਆਨ ਦੀ ਖਾਤਿਰ ਮੌਤ ਨੂੰ ਗਲ਼ੇ ਲਗਾ ਲਿਆ।

ਮੇਰੇ ਲਈ ਮੇਰੀ ਭੈਣ ਹੀ ਮੇਰੀ ਮਾਂ ਸੀ ਅਤੇ ਓਹੀ ਮੇਰਾ ਪਿਓ ਸੀ। ਉਹ ਬੇਸ਼ਕ ਅੱਠ ਪੜੀ ਆ ਪਰ ਓਹਦੀਆਂ ਦਿੱਤੀਆਂ ਸਿੱਖਿਆਵਾਂ ਨੇ ਮੈਨੂੰ ਇਸ ਮੁਕਾਮ ਤੇ ਪਹੁੰਚਾ ਦਿੱਤਾ ਹੋਇਆ ਕਿ ਪ੍ਰੋਫੈਸਰ ਦੀ ਪੜਾਈ ਪੜਕੇ ਵੀ ਮੈਂ ਆਪਣਾ ਆਦਰਸ਼ ਆਪਣੀ ਭੈਣ ਨੂੰ ਹੀ ਮੰਨਦਾ ਹਾਂ।ਸਕੂਲ ਕਾਲਜ ਜਦ ਤਕ ਵੀ ਮਾਂ ਤੇ ਨਿਬੰਧ ਆਉਂਦਾ ਹੁੰਦਾ ਸੀ ਮੈਂ ਹਮੇਸ਼ਾਂ ਪੇਪਰ ਖਾਲੀ ਛੱਡ ਆਉਂਦਾ ਸੀ ਪਰ ਜਦੋਂ ਭੈਣ ਵਿੱਚੋਂ ਮਾਂ ਦਿਖਣ ਲੱਗੀ ਤਾਂ ਹਮੇਸ਼ਾਂ ਆਪਣੀ ਭੈਣ ਨੂੰ ਹੀ ਮਾਂ ਬਣਾ ਕੇ ਲਿਖਿਆ। ਮੇਰੀ ਅਤੇ ਛੋਟੀ ਭੈਣ ਦੀ ਪਰਵਰਿਸ਼ ਜੋ ਸਾਡੀ ਭੈਣ ਨੇ ਕੀਤੀ ਆ ਸ਼ਾਇਦ ਸਾਡੇ ਬੇਬੇ ਬਾਪੂ ਚਾਹ ਕੇ ਵੀ ਨਾ ਕਰ ਪਾਉਂਦੇ।

**ਜਸਕਰਨ ਬੰਗਾ**

**ਇੰਸਟਾਗ੍ਰਾਮ: BANGAJAS07**

# ਬਾਬੇ ਨੇ ਕਹਿਤਾ ਮੁੰਡਾ ਹੀ ਹੋਊ

ਦੁਪਹਿਰ ਦੇ ਦੋ ਕ ਵੱਜੇ ਸਨ , ਚਾਚੀ ਨੇ ਦਰਵਾਜਾ ਖੜਕਾਇਆ । ਖੁੱਲ੍ਹਾ ਹੀ ਆ ਆਜੋ ... ਮੇਰੀ ਦਾਦੀ ਨੇ ਆਵਾਜ਼ ਲਗਾਈ । ਚਾਚੀ ਹੌਲੀ ਹੌਲੀ ਆਈ ਤੇ ਮੇਰੀ ਦਾਦੀ ਨੂੰ ਕਹਿੰਦੀ " ਮਾਸੀ .... ਕਰਮੇ ਦੀ ਬਹੂ ਕੋਲੇ ਫਿਰ ਕੁੜੀ ਹੋਗੀ ।

ਇਹ ਖ਼ਬਰ ਸੁਣਕੇ ਸਾਡੇ ਸਾਰਿਆਂ ਦੇ ਮਨ ਦੁਖੀ ਹੋ ਗਏ । ਕਰਮੇ ਦੇ ਇਹ ਚੌਥੀ ਕੁੜੀ ਹੋਈ ਸੀ । ਦਾਦੀ ਦੇ ਮੂੰਹੋਂ ਨਿਕਲਿਆ .... ਨੀ ਆਹ ਤਾਂ ਲੋਹੜਾ ਹੀ ਮਾਰਿਆ ਰੱਬ ਨੇ .... , ਐਤਕੀਂ ਤਾਂ ਸੁਣ ਲੈਂਦਾ । ਸੱਚੀਂ ਲੋਹੜਾ ਹੀ ਤਾਂ ਮਾਰਿਆ ਸੀ , ਕਿਉਂਕਿ ਕਰਮੇ ਤੇ ਉਹਦੀ ਘਰਵਾਲੀ ਦੀ ਅਥਾਹ ਸ਼ਰਧਾ ਸੀ ਰੱਬ ਚ ।

ਐਸਾ ਕੋਈ ਗੁਰੂਘਰ ਨਹੀਂ ਸੀ ਜਿੱਥੇ ਨੱਕ ਨਾ ਰਗੜੇ ਹੋਣ । ਐਸੀ ਕੋਈ ਦਰਗਾਹ ਕੋਈ ਮੰਦਿਰ ਨਹੀਂ ਸੀ ਜਿੱਥੇ ਝੋਲੀ ਨਾ ਅੱਡੀ ਹੋਵੇ । ਫਿਰ ਕਿਉਂ ਨਹੀਂ ਸੁਣੀ ਰੱਬ ਨੇ ਉਹਨਾਂ ਦੀ । ਕਰਮੇ ਦੀ ਇੱਕ ਧਾਰਮਿਕ ਸਥਾਨ ਪ੍ਰਤੀ ਗੂੜ੍ਹੀ ਸ਼ਰਧਾ ਹੈ , ਪਿਛਲੇ ਕਈ ਸਾਲਾਂ ਤੋਂ ਓਥੇ ਦਿਨ ਰਾਤ ਸੇਵਾ ਕਰਦਾ ।
ਉਸ ਅਸਥਾਨ ਤੋਂ ਬਹੁਤ ਸਾਰੀਆਂ ਸੁੱਖਾਂ ਪੂਰੀਆਂ ਹੋਈਆਂ , ਫਿਰ ਕਰਮੇ ਦੀ ਕਿਉਂ ਨਹੀਂ ਹੋਈ ? ਮੇਰੀਆਂ ਗੱਲਾਂ ਸ਼ਾਇਦ ਤੁਹਾਨੂੰ ਬੁਰੀਆਂ ਲੱਗਣ , ਪਰ ਇਹ ਸੱਚ ਆ ਕਿ ਕੋਈ ਧਾਰਮਿਕ ਅਸਥਾਨ

ਜਾਂ ਕੋਈ ਆਸਥਾ ... ਤੁਹਾਨੂੰ ਪੁੱਤ ਦੀ ਦਾਤ ਨਹੀਂ ਬਖ਼ਸ਼ ਸਕਦੀ । ਇਸ ਸਿਰਫ਼ ਆਪਣਾ ਵਹਿਮ ਆ ਕਿ ਫਲਾਣੇ ਅਸਥਾਨ ਤੋਂ ਪੁੱਤਾਂ ਦੀਆਂ ਦਾਤਾਂ ਮਿਲਦੀਆਂ । ਇਸ ਖ਼ਬਰ ਨਾਲ ਸਿਰਫ਼ ਮਨ ਦੁਖੀ ਨਹੀਂ ਸੀ ਹੋਇਆ ਸਗੋਂ ਸਾਡਾ ਵਿਸ਼ਵਾਸ ਟੁੱਟਿਆ ਸੀ । ਦਾਦੀ ਬੋਲੀ " ਇਸ ਵਾਰ ਤਾਂ ਬਾਬੇ ਤੋਂ ਫ਼ਲ ਵੀ ਪਵਾਇਆ ਸੀ .... ਕੁੱਖ ਵੀ ਤਿੱਖੀ ਸੀ ... ਬਾਬੇ ਨੇ ਕਹਿ ਵੀ ਦਿੱਤਾ ਸੀ ਵੀ ਇਸ ਵਾਰ ਮੁੰਡਾ ਹੋਊ ।

ਮੈਨੂੰ ਬਸ ਇਹਨਾਂ ਹੀ ਗੱਲਾਂ ਤੇ ਗੁੱਸਾ ਆਉਂਦਾ । ਕਹਿੰਦੇ ਪੁਰਾਣੇ ਬਜ਼ੁਰਗ ਬਹੁਤ ਸਿਆਣੇ ਹੁੰਦੇ ਆ , ਬਹੁਤ ਗਿਆਨ ਹੁੰਦਾ ਉਹਨਾਂ ਕੋਲ । ਸਵਾਹ ਦਾ ਗਿਆਨ ਹੁੰਦਾ .... ? ਸੱਚਾਈ ਤਾਂ ਇਹ ਆ ਕਿ ਉਹ ਅੱਜ ਵੀ ਅਨਪੜ੍ਹਤਾ ਦੇ ਸ਼ਿਕਾਰ ਨੇ , ਅੱਜ ਵੀ ਆਪਣੀਆਂ ਗੁਜ਼ਰੇ ਜਮਾਨੇ ਦੀਆਂ ਧਾਰਨਾਵਾਂ ਨਾਲ ਜੁੜੇ ਹੋਏ ਨੇ ।

ਜੇ ਕੋਈ ਮੇਰੇ ਵਰਗਾ ਇਹਨਾਂ ਨੂੰ ਸੱਚ ਦੱਸਣ ਦੀ ਕੋਸ਼ਿਸ਼ ਕਰੇ ਤਾਂ ਅੱਗੋਂ ਕਹਿ ਦਿੰਦੇ ਆ ... ਇਹ ਸਭ ਤਾਂ ਪ੍ਰਮਾਤਮਾ ਦੀ ਖੇਡ ਆ ... ਜੇ ਮਾਲਿਕ ਦੇਵੇ ਤਾਂ ਦੇਵੇ .... ਪਰ ਜੀਹਦੇ ਕਰਮਾਂ ਚ ਹੈਨੀ ਉਹਨੂੰ ਨਹੀਂ ਮਿਲਦਾ । ਬਜ਼ੁਰਗਾਂ ਦੀ ਇਹ ਖ਼ਾਸੀਅਤ ਆ ... ਜਦੋਂ ਇਹਨਾਂ ਦੀ ਕੋਈ ਗੱਲ ਸਾਬਿਤ ਨਾ ਹੋਵੇ ਤਾਂ ਇਹ ਰੱਬ ਤੇ ਸੁੱਟ ਦਿੰਦੇ ਨੇ ।

ਪਰ ਸੱਚ ਤਾਂ ਇਹ ਆ ਕਿ ਰੱਬ ਦਾ ਇਸ ਵਿੱਚ ਕੋਈ ਹੱਥ ਨਹੀਂ ਆ। ਯਕੀਨ ਕਰਨਾ ਨਾ ਕਰਨਾ ਤੁਹਾਡੀ ਮਰਜੀ ਆ , ਪਰ ਅੱਜ ਮੈ

ਤੁਹਾਨੂੰ ਇੱਕ ਸੱਚਾਈ ਦੱਸ ਰਿਹਾ । ਆਪਣੇ ਕੁੜੀ ਹੋਊ ਜਾਂ ਮੁੰਡਾ ... ਇਹ ਰੱਬ ਤੈਅ ਨਹੀਂ ਕਰਦਾ । ਬਾਇਓਲੋਜੀ ਦੇ ਸਟੂਡੈਂਟਸ ਮੇਰੀ ਇਹ ਗੱਲ ਸਮਝਦੇ ਹੋਣਗੇ । ਪਰ ਦਸਵੀਂ ਕਲਾਸ ਦਾ ਪ੍ਰਜਨਣ ਵਾਲਾ ਚੈਪਟਰ ਤਾਂ ਆਪਾਂ ਸਾਰਿਆਂ ਨੇ ਪੜ੍ਹਿਆ , ਉਹਦੇ ਵਿੱਚ ਸਾਫ਼ ਸਾਫ਼ ਸਾਰਾ ਕੁਝ ਸਮਝਾਇਆ ਹੋਇਆ ।

ਦੁੱਖ ਦੀ ਗੱਲ ਇਹ ਆ ਕਿ ਆਪਾਂ ਨੂੰ ਕਿਤਾਬਾਂ ਚ ਲਿਖਿਆ ਹੋਇਆ ਜਾਂ ਵਿਗਿਆਨੀਆਂ ਦੇ ਕਿਹਾ ਸੱਚ ਨਹੀਂ ਲੱਗਦਾ । ਆਪਾਂ ਸੱਚ ਉਹ ਮੰਨਦੇ ਆਂ ਜੋ ਆਪਣੇ ਬਜੁਰਗ ਦੱਸਦੇ ਆ ਜਾਂ ਜੋ ਕੋਈ ਧਾਰਮਿਕ ਸੰਤ ਦੱਸਦਾ । ਤੇ ਸੱਚ ਇਹ ਆ ਕਿ ਨਾ ਤਾਂ ਬਜ਼ੁਰਗਾਂ ਨੂੰ ਅਸਲ ਸੱਚਾਈ ਦਾ ਗਿਆਨ ਆ ਤੇ ਨਾ ਹੀ ਧਾਰਮਿਕ ਬਾਬਿਆਂ ਨੂੰ ।

ਕਿਉਂ ... ਕਿਉਂਕਿ ਨਾ ਤਾਂ ਬਜ਼ੁਰਗਾਂ ਨੇ Science ਪੜ੍ਹਿਆ ਤੇ ਨਾ ਹੀ ਬਾਬਿਆਂ ਨੇ । ਪਰ ਜਨਾਬ ... ਆਪਾਂ ਤਾਂ Science ਪੜ੍ਹਿਆ ਨਾ ... । ਆਪਣੇ ਚੋਂ ਕੋਈ ਬਾਰ੍ਹਵੀਂ ਪਾਸ ਆ , ਕੋਈ BA Bsc , ਕੋਈ MA Msc ਕਰੀ ਬੈਠੇ ਆ । ਦਸਵੀਂ ਤਾਂ ਹਰੇਕ ਨੇ ਹੀ ਪਾਸ ਕੀਤੀ ਹੋਈ ਆ ।

ਪਰ ਆਪਣੇ ਐਨੇ ਪੜ੍ਹੇ ਲਿਖੇ ਹੋਣ ਦਾ ਕੀ ਫਾਇਦਾ , ਜਦੋਂ ਆਪਾਂ ਨੂੰ ਇਹੀ ਨਹੀਂ ਪਤਾ ਕਿ ਔਲਾਦ ਸੁੱਖਾਂ ਸੁੱਖੀਆਂ ਤੋਂ ਨਹੀਂ ਮਿਲਦੀ , ਧਾਗੇ ਤਵੀਤਾਂ ਜਾਂ ਫ਼ਲ ਪਾਉਣ ਨਾਲ ਮੁੰਡੇ ਨਹੀਂ ਹੁੰਦੇ । ਆਪਾਂ ਕਿਉਂ ਆਪਣੀਆਂ ਵੱਡੀਆਂ ਬੁੜ੍ਹੀਆਂ ਪਿੱਛੇ ਲੱਗ ਕੇ ਆਪਣੀ ਜ਼ਿੰਦਗੀ ਖਰਾਬ

ਕਰ ਲੈਨੇ ਆ ? ਕਰਮਾ ਤੇ ਉਹਦੀ ਘਰਵਾਲੀ ਦੋਵੇਂ ਹੀ ਪੜ੍ਹੇ ਲਿਖੇ ਨੇ , ਪਰ ਕੀ ਫ਼ਾਇਦਾ ਹੋਇਆ ਪੜ੍ਹੇ ਲਿਖੇ ਹੋਣ ਦਾ , ਜ਼ਿੰਦਗੀ ਖ਼ਰਾਬ ਕਰ ਲਈ ਨਾ ਆਵਦੀ, ਤੇ ਇਹ ਸਿਰਫ਼ ਕਰਮੇ ਨਾਲ ਨਹੀਂ ਸੀ ਹੋਇਆ । ਪਿਛਲੇ ਇੱਕ ਸਾਲ ਵਿੱਚ ਇਹ ਤੀਜੀ ਘਟਨਾ ਸੀ । ਇੱਕ ਮੁੰਡਾ ਹੈ ਬੈਂਕ ਚ ਮੁਨੀਮ ਦਾ ਕੰਮ ਕਰਦਾ , ਜਵਾਂ ਗਰੀਬ ਪਰਿਵਾਰ । ਬਥੇਰਾ ਸਮਝਾਇਆ ਸੀ ਉਹਨੂੰ ਮੇਰੇ ਡੈਡੀ ਤੇ ਹੋਰਾਂ ਸਾਥੀਆਂ ਨੇ । ਪਰ ਨਹੀਂ ਸੁਣੀ ਕਿਸੇ ਦੀ ਵੀ । ਮੁੰਡੇ ਦੀ ਉਡੀਕ ਚ ਚਾਰ ਕੁੜੀਆਂ ਉਹਨਾਂ ਦੇ ਹੋ ਗਈਆਂ । ਹੁਣ ਉਹਨਾਂ ਨੂੰ ਸਮਝ ਨੀ ਆਉਂਦੀ ਵੀ ਕਿਵੇਂ ਪਾਲੀਏ।

ਇੱਕ ਹੋਰ ਪਰਿਵਾਰ ਹੈ , ਮਨਪ੍ਰੀਤ ਤੇ ਉਹਦੀ ਘਰਵਾਲੀ ਸ਼ਿੰਦਰ । ਬਹੁਤ ਗਰੀਬ ਘਰ ਹੈ । ਮਨਪ੍ਰੀਤ ਬੱਸ ਤੇ ਲੱਗਿਆ ਹੋਇਆ , ਕੋਈ ਜ਼ਮੀਨ ਜਾਇਦਾਦ ਨਹੀਂ ਆ । ਤਿੰਨ ਕੁੜੀਆਂ ਸਨ ਉਹਨਾਂ ਦੇ , ਉਹਨਾਂ ਦਾ ਹੀ ਪਾਲਣ ਪੋਸ਼ਣ ਬੜੀ ਮੁਸ਼ਕਿਲ ਨਾਲ ਹੁੰਦਾ ਸੀ ।

ਫਿਰ ਉਹੀ ਬਜ਼ੁਰਗਾਂ ਵਾਲੀ ਅੜੀ ... ਜੇ ਇੱਕ ਮੁੰਡਾ ਹੁੰਦਾ ਤਾਂ ਸਾਡਾ ਬੂਟਾ ਹਰਾ ਹੋ ਜਾਂਦਾ । ਕੋਈ ਪੁੱਛਣ ਵਾਲਾ ਹੋਵੇ ਵੀ ਹੁਣ ਕਿਹੜਾ ਬੂਟੇ ਨੂੰ ਸੁੰਡੀ ਪਈ ਆ । ਨਾ ਜੀ ... ਚਲੇ ਗਏ ਇੱਕ ਗੁਰਦੁਆਰੇ ( ਮੈਂ ਨਾਮ ਨਹੀ ਲਵਾਂਗਾ ) ਕਹਿੰਦੇ ਓਥੇ ਅਰਦਾਸ ਹੁੰਦੀ ਆ , ਤੇ ਜੀਹਦੀ ਅਰਦਾਸ ਹੋਗੀ ਉਹਦੇ ਮੁੰਡਾ ਹੀ ਹੁੰਦਾ ।
ਓਥੇ ਕੋਈ ਸੰਤ ਰਹਿੰਦੇ ਆ ... ਉਹ ਕਹਿੰਦੇ ਭਾਈ ਚੈਕ ਕਰਾਉਣ ਦੀ ਲੋੜ ਨਹੀਂ ਤੁਹਾਡੇ ਮੁੰਡਾ ਹੀ ਹੋਊ । ਹਾਂ ਜੀ ... ਫਿਰ ਹੋਇਆ ਕਿਉਂ

ਨਹੀਂ । ਚੌਥੀ ਕੁੜੀ ਉਹਨਾਂ ਦੇ ਹੋ ਗਈ । ਉਸ ਦਿਨ ਵੀ ਸਾਰੇ ਆਂਢ ਗੁਆਂਢ ਦਾ ਦਿਲ ਟੁੱਟ ਗਿਆ ਸੀ । ਬਹੁਤ ਗੁੱਸਾ ਆਇਆ ... ਮੇਰੀ ਮੰਮੀ ਤਾਂ ਕਹਿੰਦੀ ਸੀ ਉਹ ਸੰਤ ਨੂੰ ਢਾਹ ਲੈਣ ਜਾਕੇ ਹੁਣ ... ਤੇ ਪੁੱਛਣ ਵੀ ਕਿੱਥੇ ਆ ਮੁੰਡਾ ।
ਉਸ ਦਿਨ ਸਾਡੀ ਇੱਕ ਵੱਡੀ ਬੇਬੇ ਸਾਡੇ ਘਰੇ ਬੈਠੀ ਸੀ । ਮੇਰੀ ਉਹਦੇ ਨਾਲ ਏਸੇ ਗੱਲ ਨੂੰ ਲੈਕੇ ਬਹਿਸ ਹੋ ਗਈ । ਬੇਬੇ ਕਹਿੰਦੀ " ਅਸੀਂ ਤਾਂ ਬਥੇਰਾ ਕਿਹਾ ਸੀ ... ਉਹ ਫਲਾਣਾ ਬਾਬਾ ਗੋਲ਼ੀ ਦਿੰਦਾ , ਉਹ ਗੋਲ਼ੀ ਨਾਲ ਮੁੰਡਾ ਹੀ ਹੁੰਦਾ .... ਪਰ ਸਾਡੀ ਮੰਨੀ ਨੀ ਕਿਸੇ ਨੇ।

ਲਓ ਕਰ ਲਓ ਗੱਲ .... ਹੁਣ ਇੱਕ ਗੋਲ਼ੀ ਨਾਲ ਕੁੱਖ ਵਿੱਚ ਪਲ਼ ਰਹੇ ਭਰੂਣ ਦਾ Gender ਚੇਂਜ ਹੋਜੂ ਹੈਂ । ਮੈ WHO ਨੂੰ ਕਹਿਣਾ ਚਾਹਾਂਗਾ ਕਿ ਤੁਸੀਂ ਤਾਂ ਪਿਛਲੇ ਸੌ ਸਾਲਾਂ ਤੋਂ ਐਵੇਂ ਹੀ ਮੱਥਾ ਮਾਰੀ ਜਾਨੇ ਹੋਂ , ਅਰਬਾਂ ਰੁਪਏ ਖ਼ਰਚ ਦਿੱਤੇ ਪਰ ਥੋਡੇ ਤੋਂ ਇੱਕ ਕੰਮ ਨਹੀਂ ਹੋਇਆ। ਤੁਸੀਂ ਸਾਡੇ ਇਹਨਾਂ ਬਾਬਿਆਂ ਨਾਲ ਸੰਪਰਕ ਕਿਉਂ ਨਹੀਂ ਕੀਤਾ ? ਇਹਨਾਂ ਨੂੰ ਲੈਕੇ ਜਾਓ ਤੇ ਆਪਣੇ ਬੋਰਡ ਵਿੱਚ ਚੇਅਰਮੈਨ ਬਣਾਓ ।

ਮਤਲਬ ਕਿ ਕੁਦਰਤ ਦਾ ਸਿਸਟਮ ਗਿਆ ਤੇਲ ਲੈਣ , Medical Science ਦੀ ਐਸੀ ਕੀ ਤੈਸੀ .... ਪਰ ਆਹ ਇੱਕ ਗੋਲ਼ੀ ਲਓ ਤੇ ਮੁੰਡਾ ਪਾਓ । ਹੁਣ ਇਹਨੂੰ ਅਨਪੜ੍ਹਤਾ ਨੀ ਕਹਾਂਗੇ ਤਾਂ ਹੋਰ ਕੀ ਕਹਾਂਗੇ । ਏਹੀ ਜ਼ਿੱਦ ਨਾ ਛੱਡੇ ਸਾਡੀ ਬੇਬੇ " ਅਖੇ ਨਹੀਂ ਪੁੱਤ ... ਗੋਲ਼ੀ ਲੈ ਲੈਂਦੀ ਤਾਂ ਮੁੰਡਾ ਹੀ ਹੋਣਾ ਸੀ , ਪੁੱਤ ਥੋਨੂੰ ਨਹੀ ਪਤਾ ਇਹਨਾਂ ਗੱਲਾਂ ਦਾ ।

ਆਹੋ ਸਾਨੂੰ ਕਿਉਂ ਪਤਾ ... ਸਾਡੀਆਂ ਡਿਗਰੀਆਂ ਕੀਤੀਆਂ ਤਾਂ ਖੂਹ ਖਾਤੇ ਚ ਹੀ ਆ , ਪਤਾ ਤਾਂ ਬਜ਼ੁਰਗਾਂ ਨੂੰ ਹੀ ਆ ਬਸ । ਪਹਿਲਾਂ ਤਾਂ ਇਹ ਸੋਚੋ ਕਿ ਆਪਣੇ ਇਹਨਾਂ ਲੋਕਾਂ ਨੂੰ ਇਹ ਤੱਕ ਨੀ ਪਤਾ ਕਿ ਮੁੰਡਾ ਜਾਂ ਕੁੜੀ ਹੋਣਾ ਮਾਂ ਤੇ ਨਿਰਭਰ ਨਹੀਂ ਕਰਦਾ ਸਗੋਂ ਪਿਓ ਤੇ ਨਿਰਭਰ ਕਰਦਾ ।

ਮਾਂ ਨੂੰ ਦਵਾਈਆਂ ਦੇਈ ਜਾਣਗੇ , ਹਥੌਲੇ ਪਵਾਈ ਜਾਣਗੇ , ਬਾਬਾ ਕਹਿੰਦਾ ਤੂੰ ਬਾਹਰ ਨੀ ਜਾਣਾ ਤੇਰੇ ਦਿਨ ਨੇੜੇ ਆ ... ਕਿਤੇ ਕੋਈ ਕੁਝ ਕਰ ਹੀ ਨਾ ਦੇਵੇ । ਨਾ ਜੇ ਅਗਲੇ ਨੇ ਕੁਝ ਕਰ ਵੀ ਦਿੱਤਾ ਤਾਂ ਸੱਤ ਮਹੀਨਿਆਂ ਦੇ ਭਰੂਣ ਦਾ Gender ਬਦਲ ਜਾਊ ? ਹੈ ਕੋਈ ਜਵਾਬ ਇਹਨਾਂ ਕੋਲ ਇਸ ਗੱਲ ਦਾ ? ਬਸ ਬਹਿਸ ਕਰਾ ਲਓ ਜਿੰਨੀ ਮਰਜੀ ... ਤੇ ਬਹਿਸ ਮੁੱਕਦੀ ਹਮੇਸ਼ਾਂ ਰੱਬ ਤੇ ਜਾਕੇ ਆ ।

ਹੁਣ ਤੁਹਾਡੇ ਚੋਂ ਕੁਝ ਲੋਕ ਮੈਨੂੰ ਕਹਿਣਗੇ ਕਿ ਯਰ ਕੁੜੀ ਹੀ ਤਾਂ ਹੋਈ ਆ , ਕੁੜੀ ਹੋਣ ਨਾਲ ਉਹਨਾਂ ਦੀ ਜ਼ਿੰਦਗੀ ਕਿਵੇਂ ਖਰਾਬ ਹੋਗੀ , ਤੈਨੂੰ ਕੁੜੀਆਂ ਨਾਲ ਕੀ ਪ੍ਰਾਬਲਮ ਆ .... ਕੁੜੀਆਂ ਪੁੱਤਾਂ ਨਾਲੋਂ ਘੱਟ ਨਹੀਂ ਆ ... ਤੂੰ ਪੁਰਾਣੀ ਸੋਚ ਵਾਲਾ ।

ਪਰ ਜਨਾਬ ... ਚਾਰ ਚਾਰ ਕੁੜੀਆਂ ਹੋ ਗਈਆਂ ਉਹਨਾਂ ਦੇ , ਮੁੰਡੇ ਦੇ ਚੱਕਰਾਂ ਚ । ਦੋ ਕਿੱਲੇ ਜਮੀਨ ਵੀ ਨਹੀਂ ਆ .. ਕਿਵੇਂ ਪਾਲਣਗੇ ਚਾਰਾਂ ਨੂੰ ? ਨਿਆਣੇ ਤਾਂ ਦੋ ਨਹੀਂ ਸਾਂਭੇ ਜਾਂਦੇ ਉਹਦੇ ਤਾਂ ਚਾਰ ਆ । ਚਾਰਾਂ

ਦੀ ਪੜ੍ਹਾਈ ਦਾ ਖ਼ਰਚਾ , ਫਿਰ ਕੋਰਸ ਵੀ ਹੋਣਗੇ । ਅਜੇ ਇਹ ਨਹੀਂ ਪਤਾ ਕਿ ਪੰਦਰਾਂ ਸਾਲ ਬਾਅਦ ਵਾਲਾ ਜਮਾਨਾ ਕਿਹੋ ਜਿਹਾ ਹੋਊ।

ਤੁਸੀਂ ਖ਼ੁਦ ਨੂੰ ਉਹਨਾਂ ਦੀ ਜਗ੍ਹਾ ਰੱਖ ਕੇ ਦੇਖੋ , ਪਾਲ਼ ਸਕੋਂਗੇ ਚਾਰ ਕੁੜੀਆਂ ਨੂੰ ? ਇਹ ਸਭ ਉਹਨਾਂ ਦੀ ਅਨਪੜ੍ਹਤਾ ਅਤੇ ਅਗਿਆਨਤਾ ਕਰਕੇ ਹੋਇਆ । ਜੇ ਸਿਆਣੇ ਰਹਿੰਦੇ ਤਾਂ ਜਦੋਂ ਦੋ ਕੁੜੀਆਂ ਹੋ ਗਈਆਂ ਸੀ ਓਦੋਂ ਹੀ ਆਪ੍ਰੇਸ਼ਨ ਕਰਵਾ ਲੈਂਦੇ । ਪਰ ਆਹ ਮੁੰਡਾ ਹੀ ਚਾਹੀਦਾ ਵਾਲੀ ਸਾਡੀ ਸੋਚ ਨੇ ਸਾਡਾ ਭੱਠਾ ਬਿਠਾ ਤਾ । ਗੱਲ ਕੁੜੀਆਂ ਹੋਣ ਦੀ ਨਹੀਂ ਆ । ਮੈਨੂੰ ਤਰਸ ਓਹਨਾਂ ਕੁੜੀਆਂ ਤੇ ਹੀ ਆ ਰਿਹਾ ।

ਕਦੇ ਸੋਚਿਆ ਓਹਨਾਂ ਵਿਚਾਰੀਆਂ ਦੀ ਜ਼ਿੰਦਗੀ ਕਿਹੋ ਜਿਹੀ ਬੀਤੇਗੀ । ਇੱਕ ਦੂਜੇ ਦੇ ਕੱਪੜੇ ਪਾਕੇ ਗੁਜਾਰਾ ਕਰਨਾ ਪੈਣਾ । ਕਿੰਨਾ ਕੁਝ ਸੁਣਨਾ ਪਿਆ ਕਰੂ ਵਿਚਾਰੀਆਂ ਨੂੰ । ਜਿਹੜੀ ਦਾਦੀ ਦੀ ਜ਼ਿੱਦ ਕਾਰਨ ਓਹਨਾਂ ਦਾ ਜਨਮ ਹੋਇਆ ... ਉਹੀ ਦਾਦੀ ਉਹਨਾਂ ਨੂੰ ਕਲਮੂਹੀਆਂ ਤੇ ਪਤਾ ਨੀ ਹੋਰ ਕੀ ਕੀ ਕਿਹਾ ਕਰੂ ।

ਆਪਣੇ ਸਮਾਜ ਦੀ ਸੋਚ ਦਾ ਤਾਂ ਤੁਹਾਨੂੰ ਪਤਾ ਹੀ ਹੈ । ਜੇ ਇੱਕ ਮੁੰਡਾ ਹੋ ਜਾਵੇ ਤਾਂ ਉਹਨਾਂ ਕੁੜੀਆਂ ਨੂੰ ਭਾਗਾਂ ਵਾਲੀਆਂ ਕਿਹਾ ਜਾਂਦਾ । ਤੇ ਜੇ ਨਾ ਹੋਵੇ ਤਾਂ ਇਹਦਾ ਉਲਾਂਭਾ ਵੀ ਉਹਨਾਂ ਵਿਚਾਰੀਆਂ ਨੂੰ ਹੀ ਜਾਂਦਾ । ਸਾਰੀ ਉਮਰ ਸੁਣਨਾ ਪੈਂਦਾ । ਜੇ ਕੋਈ ਕਹਿ ਦੇਵੇ ਕਿ ਹੁਣ ਕਿਵੇਂ ਪਾਲੋਂਗੇ ਇਹਨਾਂ ਨੂੰ , ਗੁਜਾਰਾ ਤਾਂ ਥੋੜਾ ਪਹਿਲਾਂ ਹੀ ਮੁਸ਼ਕਿਲ

ਨਾਲ ਹੁੰਦਾ ।

ਅੱਗੋਂ ਜਵਾਬ ਆਉਂਦਾ " ਆਪੇ ਪਲ਼ ਪੁਲ਼ ਜਾਣਗੀਆਂ ਤੁਰੀਆਂ ਫਿਰਦੀਆਂ ... । ਨਾ ਆਪੇ ਕਿਵੇਂ ਪਲ਼ ਜਾਣਗੀਆਂ ਹੈਂ ... ਇਹਨੂੰ ਪਲਣਾ ਨਹੀ ਰੁਲਣਾ ਕਹਿੰਦੇ ਆ । ਆਪਾਂ ਮੁੰਡੇ ਨੂੰ ਤਾਂ ਕਦੇ ਨੀ ਆਖਿਆ ਵੀ ਆਪੇ ਪਲ਼ ਪੁਲ ਜਾਊ ... । ਗਲਤੀ ਤੁਹਾਡੀ ਆ ਪਰ ਸਜਾ ਇਹ ਵਿਚਾਰੀਆਂ ਕੁੜੀਆਂ ਨੂੰ ਮਿਲਣੀ ਆ ।

ਤੁਸੀਂ ਆਪਣੀ ਅਗਿਆਨਤਾ , ਅਨਪੜ੍ਹਤਾ ਅਤੇ ਅੰਧਵਿਸ਼ਵਾਸ ਦੇ ਚੱਕਰਾਂ ਚ ਇਹਨਾਂ ਵਿਚਾਰੀਆਂ ਨੂੰ ਜੰਮ ਕੇ ਸੁੱਟਤਾ । ਹੁਣ ਏਥੇ ਮੇਰੇ ਕੁਝ ਧਾਰਮਿਕ ਸੱਜਣ ਆਕੇ ਕਹਿਣਗੇ ਕਿ ਉਹ ਕੁੜੀਆਂ ਵੀ ਆਵਦੇ ਭਾਗਾਂ ਦਾ ਖਾਣਗੀਆਂ , ਜਿਸ ਰੱਬ ਨੇ ਜਨਮ ਦਿੱਤਾ ਉਹ ਆਪੇ ਰੋਟੀ ਦਿਊ ... ।

ਅੱਛਾ ਜੀ .... ? ਫਿਰ ਜਿਹੜੇ ਨਿੱਕੇ ਨਿੱਕੇ ਜੁਆਕ ਪੁਲਾਂ ਹੇਠਾਂ ਅਤੇ ਰੇਲਵੇ ਟਰੈਕਾਂ ਤੇ ਰੁਲ਼ਦੇ ਫਿਰਦੇ ਆ ਉਹਨਾਂ ਦੀ ਕਿਉਂ ਨੀ ਸੁਣਦਾ ਰੱਬ ? ਉਹ ਵਿਚਾਰੇ ... ਕਚਰੇ ਦੇ ਢੇਰਾਂ ਚੋਂ ਖਾਣ ਵਾਲੀਆਂ ਚੀਜਾਂ ਲੱਭ ਕੇ ਗੁਜਾਰਾ ਕਰਦੇ ਆ , ਦੋ ਦੋ ਰੁਪਈਆਂ ਪਿੱਛੇ ਆਪਣੇ ਮੂਹਰੇ ਲੇਲ੍ਹੜੀਆਂ ਕੱਢਦੇ ਆ । ਕਿਉਂ ਨਹੀਂ ਰੱਬ ਰੋਟੀ ਦਿੰਦਾ ਉਹਨਾਂ ਨੂੰ ?
ਆਪਣੇ ਦੇਸ਼ ਵਿੱਚ 67 ਲੱਖ ਬੱਚੇ ਭੁੱਖੇ ਸੌਂਦੇ ਨੇ ਜਨਾਬ , ਉਹਨਾਂ ਨਾਲ ਰੱਬ ਦੀ ਕੀ ਦੁਸ਼ਮਣੀ ਆ ? ਓਹਨਾਂ ਦੀ ਇਸ ਹਾਲਤ ਦਾ ਜਿੰਮੇਵਾਰ ਰੱਬ ਨਹੀਂ ਸਗੋਂ ਉਹਨਾਂ ਦੇ ਮਾਂ-ਬਾਪ ਨੇ । ਰੱਬ ਨੇ ਜਨਮ

ਨਹੀਂ ਦਿੱਤਾ ਓਹਨਾਂ ਨੂੰ , ਤੁਸੀਂ ਦਿੱਤਾ ਜਨਮ ਤੇ ਜਨਮ ਦੇਕੇ ਰੁਲਣ ਲਈ ਮਜਬੂਰ ਕਰ ਦਿੱਤਾ।

ਇਹੀ ਡਰ ਮੈਨੂੰ ਉਹਨਾਂ ਕੁੜੀਆਂ ਲਈ ਸਤਾ ਰਿਹਾ । ਕਦੋਂ ਸਿਆਣੇ ਬਣਾਂਗੇ ਆਪਾਂ । ਮੈ ਇੱਕ ਵਾਰ ਫਿਰ ਕਹਿ ਰਿਹਾਂ ... ਜਿੰਨਾ ਮਰਜੀ ਨੱਕ ਰਗੜ ਲਓ , ਬਾਬਿਆਂ ਤੋਂ ਪੁੱਛਾਂ ਕਢਵਾ ਲਓ, ਫ਼ਲ ਪਵਾ ਲਓ ਜਾਂ ਸੁੱਖਾਂ ਸੁੱਖ ਲਓ ਜਾਂ ਗੋਲੀਆਂ ਲੈ ਲਓ । ਇਸ ਸਭ ਦਾ ਕੋਈ ਫਾਇਦਾ ਨਹੀ ਆ । ਕਿਸੇ ਨੇ ਵੀ ਪੇਟ ਚ ਪਲ ਰਹੀ ਕੁੜੀ ਨੂੰ ਮੁੰਡਾ ਨਹੀਂ ਬਣਾ ਦੇਣਾ ।

ਆਪਣੇ ਬਜੁਰਗਾਂ ਨੇ ਵਿਗਿਆਨ ਨਹੀਂ ਸੀ ਪੜ੍ਹਿਆ ਤਾਂ ਕਰਕੇ ਉਹ ਇਹਨਾਂ ਗੱਲਾਂ ਨੂੰ ਮੰਨਦੇ ਆ । ਪਰ ਆਪਾਂ ਤਾਂ ਪੜ੍ਹਿਆ ਹੋਇਆ ... ਜੇ ਪੜ੍ਹਿਆ ਹੋਇਆ ਤਾਂ ਫਿਰ ਮੰਨੋ ਵੀ । ਜੇ ਐਨਾ ਪੜ੍ਹ ਲਿਖ ਕੇ ਵੀ ਤੁਸੀਂ ਇਹਨਾਂ ਵਹਿਮਾਂ ਚ ਪੈਣਾ ਫਿਰ ਤਾਂ ਤੁਸੀਂ ਆਪਣੀਆਂ ਫੀਸਾਂ ਭਰੀਆਂ ਖੂਹ ਚ ਪਾ ਦਿੱਤੀਆਂ ।

ਆਪਾਂ ਆਪਣੀ ਪੜ੍ਹਾਈ ਨਾਲ ਆਪਣੇ ਮਾਂ-ਬਾਪ ਆਪਣੇ ਵੱਡੇ ਬਜੁਰਗਾਂ ਦੀ ਅਗਿਆਨਤਾ ਦੂਰ ਕਰਨੀ ਸੀ । ਪਰ ਆਪਾਂ ਤਾਂ ਆਪ ਹੀ ਉਹਨਾਂ ਗੱਲਾਂ ਚ ਫਸ ਗਏ ਜਿਹਨਾਂ ਚ ਉਹ ਫਸੇ ਸਨ । ਤੁਸੀਂ ਚਾਹੋ ਤਾਂ ਉਹਨਾਂ ਨੂੰ ਸਮਝਾ ਸਕਦੇ ਹੋਂ ਕਿ ਇਸ ਤਰ੍ਹਾਂ ਨਹੀਂ ਹੁੰਦਾ । ਜਿਹੜਾ ਗਰਭ ਧਾਰਨ ਇੱਕ ਵਾਰ ਹੋ ਗਿਆ ਉਹਨੂੰ ਕਿਸੇ ਗੋਲੀ ਜਾਂ ਧਾਗੇ ਤਵੀਤ ਨਾਲ ਨਹੀਂ ਬਦਲਿਆ ਜਾ ਸਕਦਾ । ਤੇ ਗਰਭ ਵਿੱਚ ਕੁੜੀ

ਵਾਲਾ ਸ਼ੁਕਰਾਣੂ ਰਹੂ ਜਾਂ ਮੁੰਡੇ ਵਾਲਾ ਇਹ ਪਿਓ ਤੇ ਨਿਰਭਰ ਕਰਦਾ , ਨਾ ਕਿ ਮਾਂ ਤੇ ।

ਮੈ ਬੜਾ Proudly ਕਹਿੰਨਾ ਕਿ ਮੈ ਆਪਣੇ ਬਜ਼ੁਰਗਾਂ ਦੀ ਕੋਈ ਗੱਲ ਨਹੀਂ ਮੰਨਦਾ । ਮੈ ਉਹੀ ਮੰਨਦਾ ਜਿਸ ਗੱਲ ਚ ਕੋਈ ਲੌਜਿਕ ਹੋਵੇ । ਕਿਉਂਕਿ ਓਹਨਾਂ ਦੀਆਂ ਗੱਲਾਂ 50 - 60 ਸਾਲ ਪੁਰਾਣੀਆਂ । ਓਦੋਂ ਲੋਕ ਚਿੱਠੀਆਂ ਨਾਲ ਗੱਲਾਂ ਕਰਦੇ ਸੀ ਤੇ ਅੱਜ ਆਪਾਂ ਬਾਹਰਲੇ ਦੇਸ਼ਾਂ ਚ ਬੈਠਿਆਂ ਨਾਲ ਵੀਡੀਓ ਕਾਲ ਕਰਦੇ ਆ ।
ਦੇਖੋ ਵਿਗਿਆਨ ਕਿਤੇ ਦੀ ਕਿਤੇ ਚਲਾ ਗਿਆ ਪਰ ਆਪਾਂ ਅੱਜ ਵੀ ਬਾਬਿਆਂ ਤੋਂ ਪੁੱਛਦੇ ਆਂ ਕਿ ਕੁੜੀ ਹੋਊ ਜਾਂ ਮੁੰਡਾ । ਜੇ ਯੁੱਗ ਵਿਗਿਆਨਕ ਆ ਤਾਂ ਆਪਣੀ ਸੋਚ ਵੀ ਵਿਗਿਆਨਕ ਬਣਾਓ ਨਾ ।
ਹੋ ਸਕਦਾ ਤੁਹਾਨੂੰ ਮੇਰੀਆਂ ਗੱਲਾਂ ਸਹੀ ਨਾ ਲੱਗਣ , ਪਰ ਇਹ ਮੇਰੀ ਸੋਚ ਆ । ਤੁਹਾਡੀ ਸੋਚ ਕੀ ਆ ਇਹ ਤੁਸੀਂ ਜਾਣੋ ।

**ਕਰੇਜ਼ੀ ਰਾਇਟਰ**

**ਇੰਸਟਾਗ੍ਰਾਮ: ROOH_AFZA07**

# ਇੰਸਟਾਗ੍ਰਾਮ ਦੀ ਠੰਡਕ

ਗੱਲ ਪਿਛਲੇ ਐਤਵਾਰ ਦੀ ਹੈ ।
ਮੈਂ ਐਤਵਾਰ ਦੀ ਧੁੱਪ ਦਾ ਨਿੱਘ ਮਾਣ ਰਹੀ ਸੀ । ਬਹੁਤ ਵਧੀਆ ਲੱਗ ਰਿਹਾ ਸੀ ਤੇ ਨਾਲ ਹੀ ਮੈਂ ਇੰਸਟਾਗ੍ਰਾਮ ਦੇ ਵੀਡੀਓਜ਼ ਦੇਖ ਕੇ ਆਨੰਦ ਲੈ ਰਹੀ ਸੀ ।

ਮੇਰੀ ਇੱਕ ਸਹੇਲੀ ਹੈ । ਬਹੁਤ ਲਗਾਵ ਹੈ ਉਸਦਾ ਮੇਰੇ ਨਾਲ । ਉਸਦਾ ਨਾਮ ਇਸ਼ਿਕਾ ਹੈ । ਉਹ ਇੰਸਟਾ ਤੇ ਆਪਣੇ ਤਰ੍ਹਾਂ - ਤਰ੍ਹਾਂ ਦੇ ਵੀਡਿਓਜ਼ ਅਪਲੋਡ ਕਰਦੀ ਰਹਿੰਦੀ ਸੀ । ਮੈਨੂੰ ਬਹੁਤ ਵਧੀਆ ਲੱਗਦੇ ਸੀ ਉਸਦੇ ਵੀਡਿਓਜ਼।

ਉਹ ਖੁਸ਼ ਬਹੁਤ ਰਹਿੰਦੀ ਸੀ । ਮੈਨੂੰ ਬੜਾ ਖੁਸ਼ੀ ਨਾਲ ਦੱਸਦੀ ਕਿ ਵੇਖ ਮੇਰੇ ਏਨੇ ਫਾਲੋਅਰ ਹੋ ਗਏ , ਏਨੇ ਹੋ ਗਏ ।
ਫ਼ਿਰ ਬੈਠਿਆਂ - ਬੈਠਿਆਂ ਅਚਾਨਕ ਉਸਦੀ ਮੰਮੀ ਨੇ ਮੈਨੂੰ ਫ਼ੋਨ ਕੀਤਾ ਤੇ ਕਿਹਾ ,
" ਤੂੰ ਜਲਦੀ ਸਾਡੇ ਘਰ ਆਜਾ । ਪਤਾ ਨਹੀਂ ਕੀ ਹੋ ਗਿਆ ਇਸ਼ਿਕਾ ਨੂੰ ? ਨਾ ਕੁਝ ਖਾ ਰਹੀ ਏ ਤੇ ਨਾਂ ਕੁਝ ਪੀਣ ਦੀ ਸੁੱਧ - ਬੁੱਧ ! ਬਸ ਆਪਣੇ - ਆਪ ਨੂੰ ਕਮਰੇ ਚ ਬੰਦ ਕਰੀ ਬੈਠੀ ਹੈ । "
ਮੈਂ ਇੱਕੋ ਦਮ ਹੈਰਾਨ ਹੋ ਗਈ ਕਿ ਇਹੋ ਜਿਹਾ ਕੀ ਹੋ ਗਿਆ ?
ਮੈਂ ਪੁੱਛਿਆ , ਹੋ ਕੀ ਗਿਆ ? ਆਂਟੀ !

ਓਹਨਾਂ ਆਖਿਆ , ਪਤਾ ਨਹੀਂ । ਇਹ ਸੁਬਾਹ  ਬਾਹਰ ਗਈ ਸੀ । ਹੁਣ ਜਦੋਂ ਦੀ ਆਈ , ਬਸ ਚੁੱਪ ਹੈ । ਹੁਣ ਦੁਪਹਿਰ ਦੇ ਦੋ ਵੱਜ ਗਏ ਨੇ । ਤੂੰ ਬਸ ਆਜਾ ।
ਇੰਨਾ ਆਖ ਓਹਨਾਂ ਫ਼ੋਨ ਕੱਟ ਦਿੱਤਾ ।

ਮੈਂ ਬੜੀ ਟੈਂਸ਼ਨ ਚ ਆ ਗਈ । ਮੈਂ ਜਲਦੀ ਨਾਲ ਤਿਆਰ ਹੋਈ ਤੇ ਉਸਦੇ ਘਰ ਪਹੁੰਚ ਗਈ ।

ਉਸਦੀ ਮੰਮੀ ਨੇ ਕਮਰੇ ਵੱਲ ਇਸ਼ਾਰਾ ਕੀਤਾ । ਮੈਂ ਸਿੱਧੀ ਉਸਦੇ ਕਮਰੇ ਚ ਚਲੀ ਗਈ ।

ਉਹ ਬਿਲਕੁਲ ਚੁੱਪ - ਚਾਪ ਕਮਰੇ ਚ ਬੈਠੀ ਸੀ । ਮੈਂ ਬੜੀ ਫ਼ਿਕਰ ਨਾਲ ਉਸਨੂੰ ਪੁੱਛਿਆ ,

" ਕੀ ਹੋਇਆ ਇਸ਼ਿਕਾ ? ਤੂੰ ਏਨੀ ਚੁੱਪ ਕਿਉਂ ਏਂ ? ਤੂੰ ਕਿੱਥੇ ਗਈ ਸੀ ? ਕੁਝ ਖ਼ਾ - ਪੀ ਵੀ ਨਹੀਂ ਰਹੀ ? "

ਮੈਂ ਇੱਕੋ ਸਾਹ ਉਸਦੇ ਸਾਹਮਣੇ ਸਵਾਲਾਂ ਦੀ ਝੜੀ ਲਗਾ ਦਿੱਤੀ ।

ਉਸਨੇ ਮੇਰੇ ਵੱਲ ਵੇਖਿਆ । ਫਿਰ ਮਸਾਂ ਜਿਹੇ ਬੋਲੀ ,

" ਤੈਨੂੰ ਯਾਦ ਏ ? ਮੈਂ ਤੈਨੂੰ ਆਪਣੇ ਇੱਕ ਫਾਲੋਅਰ ਬਾਰੇ ਦੱਸਦੀ ਹੁੰਦੀ ਸੀ ? "
ਮੇਰਾ ਫ਼ਿਕਰ ਨਾਲ ਸਾਹ ਸੁੱਕਿਆ ਪਿਆ ਸੀ । ਮੈਂ ਵੀ ਮਸਾਂ ਜਿਹੇ ਬੋਲੀ ,

" ਹਾਂ , ਤੇ ਫ਼ਿਰ ? "

" ਇਸ਼ਿਕਾ ਨੇ ਕਿਹਾ , ਤੇ ਤੈਨੂੰ ਇਹ ਵੀ ਯਾਦ ਹੋਵੇਗਾ ਕਿ ਉਹ ਮੇਰੀ ਹਰ ਵੀਡੀਓ ਤੇ ਹਮੇਸ਼ਾਂ ਵਧੀਆ ਜਿਹਾ ਕਮੈਂਟ ਕਰਦਾ ਸੀ ਤੇ ਹਮੇਸ਼ਾਂ ਲਾਈਕ ਵੀ ਕਰਦਾ ਸੀ ? "
ਮੈਂ ਹੋਰ ਫ਼ਿਕਰ ਵਿੱਚ ਡੁੱਬ ਗਈ । ਮੈਂ ਕਿਹਾ , " ਹਾਂ , ਯਾਦ ਹੈ ।
ਫ਼ਿਰ ਇਸ਼ਿਕਾ ਨੇ ਕਿਹਾ , " ਬਹੁਤ ਜਲਦੀ ਅਸੀਂ ਚੰਗੇ ਦੋਸਤ ਬਣ ਗਏ ਸੀ । ਅਸੀਂ ਇੱਕ - ਦੂਸਰੇ ਨੂੰ ਆਪਣਾ ਫੋਨ ਨੰਬਰ ਵੀ ਦਿੱਤਾ ਸੀ । ਅਸੀਂ ਕਿੰਨੇ - ਕਿੰਨੇ ਘੰਟੇ ਆਪਸ ਚ ਗੱਲ ਕਰਦੇ ਰਹਿੰਦੇ ਸੀ। ਉਹ ਬਹੁਤ ਵਧੀਆ - ਵਧੀਆ ਤੇ ਮਿੱਠੀਆਂ - ਮਿੱਠੀਆਂ ਗੱਲਾਂ ਕਰਦਾ ਹੁੰਦਾ ਸੀ । "
ਮੈਂ ਘਬਰਾ ਕੇ ਕਿਹਾ , " ਹਾਂ , ਤੂੰ ਦੱਸਿਆ ਸੀ ਬਹੁਤ ਵਾਰ। ਉਸ ਬਾਰੇ ।"

ਫ਼ਿਰ ਇਸ਼ਿਕਾ ਨੇ ਕਿਹਾ , " ਹਾਂ , ਅੱਜ ਉਸਨੇ ਮੈਨੂੰ ਮਿਲਣ ਲਈ ਬੁਲਾਇਆ ਸੀ । ਅਸੀਂ ਪਹਿਲੀ ਵਾਰ ਇੱਕ - ਦੂਸਰੇ ਨੂੰ ਆਹਮੋ - ਸਾਹਮਣੇ ਵੇਖਿਆ ।"

ਏਨਾਂ ਆਖ ਉਹ ਉੱਚੀ - ਉੱਚੀ ਰੋਣ ਲੱਗ ਪਈ ।
ਮੈਂ ਹੋਰ ਘਬਰਾ ਗਈ ਕਿ ਕਿਤੇ ਕੋਈ ਅਣਹੋਣੀ ਨਾ ਹੋ ਗਈ ਹੋਵੇ !
ਉਸਨੇ ਉੱਚੀ - ਉੱਚੀ ਰੋਂਦੇ ਆਖਿਆ ,
" ਉਹ ਜਵਾਨ ਨਹੀਂ ਸੀ । ਉਹ ਤਾਂ ਸੱਠ ਸਾਲ ਦਾ ਬੰਦਾ ਨਿੱਕਲਿਆ। ਹਾਏ ! ਫਿਰ ਮੈਂ ਭੱਜ ਨਿੱਕਲੀ ਰੈਸਟੋਰੈਂਟ ਚੋਂ । "

ਮੈਂ ਜਦੋਂ ਇਸ਼ਿਕਾ ਦੇ ਮੂੰਹੋਂ ਏਨਾ ਸੁਣਿਆ , ਮੇਰਾ ਪੂਰਾ ਸਰੀਰ ਹੀ ਠੰਢਾ ਪੈ ਗਿਆ । ਮੈਨੂੰ ਕੁਝ ਵੀ ਸਮਝ ਨਾ ਆਵੇ ਮੈਂ ਕੀ ਰੀਐਕਟ ਕਰਾਂ ? ਮੈਨੂੰ ਮਹਿਸੂਸ ਹੋਇਆ ਜਿਵੇਂ ਸਰਦੀਆਂ ਚ ਧੁੰਦਾਂ ਦੇ ਮੌਸਮ ਚ ਮੇਰੇ ਤੇ ਕਿਸੇ ਨੇ ਠੰਡਾ - ਠੰਡਾ ਪਾਣੀ ਪਾ ਦਿੱਤਾ ਹੋਵੇ ।

ਮੈਂ ਠੰਢਾ ਹੌਂਕਾ ਲੈਕੇ ਆਪਣੇ - ਆਪ ਨੂੰ ਕਿਹਾ ,
" ਇਹ ਇੰਸਟਾਗ੍ਰਾਮ ਦੀ ਠੰਡਕ ਹੈ ਜੀ ।"

꧁❀❀❀❀❀꧂

**ਸੁਖਚਿੰਤ ਕੌਰ**

**ਇੰਸਟਾਗ੍ਰਾਮ: SUKHCHINT**

# ਗੁੱਡੀ

ਇਹ ਗੱਲ 60ਦੇ ਦਹਾਕੇ ਦੀ ਸੀ ,,,, ਗੁੱਡੀ ਨਾਮ ਦੀ ਲੜਕੀ,,,,, ਗੁੱਡੀ ਵਰਗੀਆਂ ਛੇ ਭੈਣਾਂ ਤੇ ਦੋ ਭਰਾ ਸੀ,,,,, ਪਰਿਵਾਰ ਖੇਤੀਬਾੜੀ ਵਾਲਾ ਉਸ ਟਾਈਮ,, ਬਲਦਾਂ ਬੋਤਿਆਂ ਨਾਲ ਖੇਤੀ ਹੁੰਦੀ ਸੀ,,,,
ਪੜਾਈ ਤਾਂ ਉਸ ਟਾਈਮ ਬਹੁਤ ਘੱਟ ਨਾ ਮਾਤਰ ਹੁੰਦੀ ਸੀ ..... ਗੁੱਡੀ ਵਰਗੀਆਂ ਨੂੰ ਕੌਣ ਪੜਾਉਣ ਵਾਲਾ ਸੀ, ਹਰ ਵੇਲੇ ਘਰ ਦਾ ਕੰਮ ਫਿਰ ਖੇਤ ਚ ਕੰਮ ਫਿਰ ਖ਼ੇਸ, ਤਾਣੀਆਂ, ਦਰੀਆਂ ਬੁਣਨ ਦਾ ਕੰਮ, ਕਿਉਂਕਿ ਕੁੜੀਆਂ ਛੇ ਸੀ ਇਸ ਕਰਕੇ ਵੱਡੀਆਂ ਭੈਣਾਂ ਹੀ ਸਾਰੇ ਕੰਮ ਕਰਦੀਆਂ ਤੇ ਛੋਟੀਆਂ ਦੇ ਵਿਆਹ ਦਾ ਸਮਾਨ ਵੀ ਇਹਨਾਂ ਵੱਡੀਆਂ ਭੈਣਾਂ ਨੇ ਤਿਆਰ ਕੀਤਾ,ਜਿਨ੍ਹਾਂ ਕੁ ਹੋ ਗਿਆ ਹੱਥੀਂ ਤਿਆਰ ਕੀਤਾ ,,

ਕਿਉਂਕਿ ਉਸ ਵੇਲੇ ਘਰੇ ਵੀ ਪਿਉ ਦਾਦੇ ਵਰਗੇ ਕੋਈ ਪੈਸਾ ਧੇਲਾ ਔਰਤ ਦੇ ਹੱਥ ਤੇ ਕਦੋਂ ਧਰਦੇ ਸੀ , ਘਰੇ ਬੰਦਾ ਉਸ ਵੇਲੇ ਕੁੜੀ ਦਾ ਸਮਾਨ ਬਨਾਉਣ ਖਾਤਿਰ ਘੱਟ ਹੀ ਧਿਆਨ ਦਿੰਦਾ ਸੀ ਬਸ ਔਰਤ ਨੂੰ ਹੀ ਸਭ ਕੁਝ ਤਿਆਰ ਕਰਨਾ ਪੈਂਦਾ ਸੀ ,, ਬਜ਼ਾਰ ਤਾਂ ਜਾਣਾ ਬਹੁਤ ਦੂਰ ਕਿਉਂਕਿ ਕੋਲ ਪੈਸਾ ਨਹੀਂ ਹੁੰਦਾ ਸੀ,,,,

ਗੁੱਡੀ ਤੇ ਗੁੱਡੀ ਦੀ ਭੈਣ ਨੇ ਸਾਰੀਆਂ ਭੈਣਾਂ ਦਾ ਵੀ ਸਮਾਨ ਤਿਆਰ ਕੀਤਾ, ਗੁੱਡੀ ਸੋਚਦੀ ਜਦੋਂ ਆਪਾਂ ਵੱਡੀਆਂ ਭੈਣਾਂ ਸਹੁਰੇ ਘਰ ਜਾਣ ਤੋਂ

ਬਾਅਦ ਆਪਣੀ ਮਾਂ ਕਿਵੇਂ ਇਹਨਾਂ ਛੋਟੀਆਂ ਦਾ ਸਮਾਨ ਤਿਆਰ ਕਰੂ ਕਿਉਂਕਿ ਇਹ ਖ਼ੁਦ ਬਿਮਾਰ ਹੈ,,,,

ਗੁੱਡੀ ਦਾ ਵਿਆਹ ਹੋ ਜਾਂਦਾ,,, ਗੁੱਡੀ ਦਾ ਘਰਵਾਲਾ ਸਿਰੇ ਦਾ ਅੜਬ ਬੰਦਾ,,,,, ਸੋਹਣੀ ਗੁੱਡੀ ਬਹੁਤ ਸੀ,,,, ਗੁੱਡੀ ਦਾ ਘਰਵਾਲਾ ਖੇਤੀਬਾੜੀ ਕਰਦਾ, ਨੈਬ,,,,, ਨੈਬ ਸਹੁਰੇ ਘਰ ਜਾ ਕੇ ਖ਼ੁਦ ਬੋਲਦਾ ਵੀ ਮੁਰਗਾ ਹੋਵੇ ਜਾਂ ਬੱਕਰਾ,,,,, ਸਹੁਰੇ ਘਰ ਕੋਈ ਮੀਟ ਵਗੈਰਾ ਨਹੀਂ ਖਾਂਦਾ ਸੀ ,, ਪਰ ਨੈਬ ਨੇ ਜਾ ਕੇ ਬੋਲਣਾ,, ਜੇ ਤੁਸੀਂ ਨਹੀਂ ਖਾਂਦੇ ਤਾਂ ਨਾ ਖਾਓ ਮੇਰੇ ਵਾਸਤੇ ਤਾਂ ਬਣਾਓ,,,,,ਨੈਬ ਦੇ ਘਰੇ ਸ਼ਰਾਬ ਤੇ ਮੀਟ ਦੋਨੋ ਚੱਲਦੇ ਰਹਿੰਦੇ ਸੀ ,,

ਗੁੱਡੀ ਦੇ ਇੱਕ ਕੁੜੀ ਦੋ ਮੁੰਡਿਆਂ ਨੇ ਜਨਮ ਲਿਆ,,,,,, ਘਰ ਦਾ ਸਾਰਾ ਕੰਮ ਗੁੱਡੀ ਕਰਦੀ ਤੇ ਨੈਬ ਖੇਤੀਬਾੜੀ ਹੀ ਕਰਦਾ ਤੇ ਗੁੱਡੀ ਪਸ਼ੂ ਵੀ ਸੰਭਾਲਦੀ,,,,,,ਨੈਬ ਦੀ ਬੋਲੀ ਬਹੁਤ ਅੜਬ ਸੀ ਤੇ ਹਰ ਵੇਲੇ ਦਬਕਾ ਰੱਖਦਾ ਸੀ!,,

ਗੁੱਡੀ ਦੀ ਕੁੜੀ ਵੀ ਨੈਬ ਨੇ ਜਿਆਦਾ ਪੜ੍ਹਨ ਨਾ ਦਿੱਤੀ ਤੇ ਚਾਰ ਪੰਜ ਕਰਾ ਹਟਾ ਲਈ ਤੇ ਬੋਲਦਾ,, ਕੁੜੀ ਨੂੰ ਘਰੇ ਕੰਮ ਸਿਖਾਓ ਕੱਲ੍ਹ ਨੂੰ ਸਹੁਰੇ ਘਰ ਜਾਣਾ, ਪੜ੍ਹਾ ਕੇ ਕੀ ਕਰਨਾ,,,,,

ਹੁਣ ਗੁੱਡੀ ਤੇ ਗੁੱਡੀ ਦੀ ਕੁੜੀ ਰਾਣੀ ਦੋਨੋ ਜਲਦੀ ਘਰ ਦਾ ਕੰਮ ਕਰਨਾ ਫਿਰ ਪਸ਼ੂਆਂ ਦੀ ਦੇਖਭਾਲ ਫਿਰ ਓਹੀ ਕੰਮ ਤਾਣੀ ਬੁਣਨ ਦਾ ਦਰੀਆਂ ਬੁਣਨ ਦਾ, ਸਾਰਾ ਦਿਨ ਗੁੱਡੀ ਖੱਡੀ ਚ ਵੜੀ ਰਹਿੰਦੀ,,,,ਗੁੱਡੀ ਕਿਸੇ ਦਾ ਹੋਰ ਸਮਾਨ ਤਿਆਰ ਕਰ ਦਿੰਦੀ ਕਿਉਂਕਿ ਜੋ ਮੁੱਲ ਸਮਾਨ ਲੈਣਾ ਹੁੰਦਾ ਖ਼ੁਦ ਕਮਾਈ ਕਰਦੀ ਸੀ ,

ਕਿਸੇ ਦੇ ਖੇਸ ਤੇ ਦਰੀਆਂ ਤਿਆਰ ਕਰ ਦਿੰਦੀ, ਹੁਣ ਰਾਣੀ ਦਾ ਸਮਾਨ ਤਿਆਰ ਕਰਨ ਲੱਗ ਗਈ,ਗੁੱਡੀ ਦੇ ਨੈਬ ਨੇ ਕੋਈ ਸਮਾਨ ਵਾਸਤੇ ਪੈਸੇ ਹੱਥ ਨਾ ਰੱਖਣੇ ,,,,, ਨੈਬ ਨੂੰ ਜੇ ਬੋਲਣਾ ਵੀ ਕੁੜੀ ਦਾ ਸਮਾਨ ਤਿਆਰ ਕਰਨਾ ਕੋਈ ਪੈਸਾ ਫੜਾਇਆ ਕਰ ਤਾਂ ਅੱਗੋਂ ਬੋਲਦਾ,, ਨਾ ਜਿਹਨਾਂ ਦੇ ਕੁੜੀ ਘਰੇ ਜਾਉ ਉਹਨਾਂ ਦੇ ਹੈਨੀ ਕੁਜ, ਖੇਸ ਦਰੀਆਂ ਹੈਨੀ ਉਹਨਾਂ ਦੇ, ਤੂੰ ਕਿਉਂ ਦੇਣੇ ਹੈਂ,,,,,

ਗੁੱਡੀ ਸਾਰਾ ਦਿਨ ਖੱਡੀ ਚ ਹੁੰਦੀ,,, ਕਿਉਂਕਿ ਲੋਕਾਂ ਦਾ ਆਸੇ ਪਾਸੇ ਵਾਲਿਆਂ ਦਾ ਸਮਾਨ ਕੁਝ ਬਣਾ ਦਿੰਦੀ ਸੀ ,,,,,,, ਰਾਣੀ ਦਾ ਵਿਆਹ ਹੋ ਗਿਆ,,, ਗੁੱਡੀ ਹਜੇ ਵੀ ਲੋਕਾਂ ਦਾ ਸਮਾਨ ਤਿਆਰ ਕਰ ਦਿੰਦੀ ਵੀ ਕੁੜੀ ਨੂੰ ਕੁਝ ਆਉਂਦੀ ਜਾਂਦੀ ਨੂੰ ਕੱਪੜੇ ਜਾਂ ਹੋਰ ਸਮਾਨ ਲੈ ਕੇ ਦੇਣਾ ਪੈਂਦਾ ਕਿਉਂਕਿ ਨੈਬ ਤਾਂ ਕੁਝ ਦਿੰਦਾ ਨਹੀਂ ਸੀ ,,,, ਰਾਣੀ ਦਾ ਘਰਵਾਲਾ ਬਹੁਤ ਸਿਆਣਾ ਬੰਦਾ ਸੀ ਜਿਸਨੇ ਰਾਣੀ ਨੂੰ ਬੋਲ ਦਿੱਤਾ ਵੀ ਤੂੰ ਮਾਂ ਕੋਲੋਂ ਨਾ ਕੁਝ ਲੈ ਕੇ ਆਇਆ ਕਰ ਉਹ ਔਖੀ ਹੁੰਦੀ ਹੈ,,,, ਫਿਰ ਗੁੱਡੀ ਹਟ ਗਈ ਬਸ ਘਰ ਦਾ ਕੰਮ ਕਰਨ ਲੱਗ ਗਈ ਸਾਰਾ, ਦੋਨੋ ਲੜਕੇ ਵਿਆਹ ਲਏ ਗੁੱਡੀ ਨੇ ਪਰ ਗੁੱਡੀ ਘਰ ਦਾ ਕੰਮ ਨਹੀਂ ਕਰਦੀ ਸੀ ,,,,,, ਨੈਬ ਦੀ ਓਹੀ ਬੋਲੀ ਕੌੜੀ ਹਰ ਵਕਤ ਪੁੱਠਾ ਤੇ ਗ਼ਲਤ ਬੋਲਦਾ ਸੀ ਗੁੱਡੀ ਨੂੰ ਤੇ ਗਾਲ ਤੋਂ ਬਿਨਾਂ ਨਾ ਬੋਲਦਾ,,,,,, ਹੁਣ ਘਰੇ ਹਰ ਵੇਲੇ ਕਲੇਸ਼ ਸੀ ਕਿਉਂਕਿ ਦੋਨੋ ਲੜਕੇ ਅਲੱਗ ਬੋਲਦੇ ਸੀ,,,, ਗੁੱਡੀ ਬਹੁਤ ਬਿਮਾਰ ਰਹਿਣ ਲੱਗ ਗਈ, ਇੱਕ ਸਾਹ ਦੀ ਬਿਮਾਰੀ ਹੋ ਗਈ,,,,, ਗੁੱਡੀ ਨੂੰ ਨੈਬ ਕਿਹੜਾ ਵੱਡੇ ਹਸਪਤਾਲ ਲੈ ਕੇ ਗਿਆ ਸੀ ਇਸ ਕਰਕੇ ਗੁੱਡੀ ਪਿੰਡ ਵਾਲੇ ਡਾਕਟਰ ਤੋਂ ਦਵਾਈ ਲੈ ਲੈਂਦੀ ਸੀ ਤੇ ਘਰੇ ਕੰਮ ਕਰਦੀ ਫਿਰਦੀ ਸੀ,,,,

ਨੈਬ ਨੇ ਦੋਨੋ ਮੁੰਡੇ ਅੱਡ ਕਰ ਦਿੱਤੇ ਤੇ ਜ਼ਮੀਨ ਵੀ ਹੁਣ ਨਾ ਗੁੱਡੀ ਦੇ ਨਾਮ ਕਰਵਾਈ, ਇਹਨੂੰ ਕੌਣ ਰੋਟੀ ਦੇਊ ਜ਼ਮੀਨ ਤੋਂ ਬਿਨਾ ਕਿਉਂਕਿ ਦੋਨੋ ਨੂੰਹਾਂ ਵੀ ਆਪਣੀ ਮਰਜੀ ਕਰਦੀਆਂ ਸੀ,,,,,
ਗੁੱਡੀ ਨੇ ਕਿਹਾ ਚੱਲ ਮੈਨੂੰ ਕੁਝ ਨੀ ਦਿੱਤਾ ਤਾਂ ਰਾਣੀ ਦੇ ਨਾਮ ਕੁਝ ਪੈਸੇ ਜਮ੍ਹਾ ਕਰਵਾ ਦੇ ਉਸਦੇ ਧੀ ਪੁੱਤ ਦੇ ਕੰਮ ਆਜੂ,, ਸਹੁਰੇ ਘਰ ਕੁਝ ਬੋਲਣ ਜੋਗਰੀ ਤਾਂ ਹੋਊ ਵੀ ਮੇਰਾ ਪਿਉ ਆ ਦੇ ਕੇ ਗਿਆ,,,,, ਪਰ ਨੈਬ ਨੇ ਇੱਕ ਨੀ ਸੁਣੀ,,,, ਅਚਾਨਕ ਨੈਬ ਮਰ ਗਿਆ,,,, ਦੋਨੋ ਲੜਕੇ ਅਲੱਗ ਸੀ,,,,, ਗੁੱਡੀ ਨੇ ਸੋਚਿਆ ਚਲੋ ਇੱਕ ਲੜਾਈ ਤਾਂ ਘਰੋਂ ਘੱਟ ਹੋਊ ਰੋਜ਼ ਲੜਾਈ ਕਰਦਾ ਸੀ ਸਾਰੀ ਉਮਰ ਲੰਘ ਗਈ,,,,, ਪਰ ਇੱਕ ਦਿਨ ਗੁੱਡੀ ਖ਼ੁਦ ਬਿਮਾਰ ਹੋ ਗਈ ਜਿਆਦਾ, ਦਿਲ ਦੀ ਧੜਕਣ ਵੱਧ ਗਈ ਤੇ ਕਿੰਨੇ ਦਿਨ ਦਾਖਲ ਰਹੀ ਸੀ ,,,, ਖਰਚਾ ਬਹੁਤ ਹੋ ਗਿਆ, ਗੁੱਡੀ ਠੀਕ ਹੋ ਘਰੇ ਆਈ ਤੇ ਜਿਸ ਲੜਕੇ ਵੱਲ ਗੁੱਡੀ ਸੀ ਉਹ ਲੜਕੇ ਦੀ ਅਚਾਨਕ ਮੌਤ ਹੋ ਗਈ,,,,,

ਹੁਣ ਗੁੱਡੀ ਹੋਰ ਦੁਖੀ ਹੋ ਗਈ, ਇੱਕ ਤਾਂ ਖ਼ੁਦ ਬਿਮਾਰ ਤੇ ਦੂਜਾ ਮੁੰਡੇ ਦੇ ਬੱਚੇ ਦੋਨੋ ਨਿਆਣੇ ਸੀ ਹਜੇ ਪੜ੍ਹਾਈ ਹੀ ਕਰਦੇ ਸੀ,,,,, ਰਾਣੀ ਘਰੋਂ ਠੀਕ ਸੀ ਤੇ ਕੁਝ ਆਉਂਦੀ ਜਾਂਦੀ ਮਾਂ ਨੂੰ ਦਵਾਈ ਦਾ ਖ਼ਰਚ ਦੇ ਜਾਂਦੀ ਸੀ ,,, ਗੁੱਡੀ ਦਾ ਇੱਕ ਲੜਕਾ ਜੋ ਅਲੱਗ ਰਹਿੰਦਾ ਸੀ ਉਹ ਹਜੇ ਵੀ ਗੁੱਡੀ ਨਾਲ ਲੜਾਈ ਕਰਨ ਆਉਂਦਾ ਤੇ ਵਿਚਕਾਰ ਘਰ ਦੇ ਵਿੱਚ ਕੰਧ ਕੱਢਣ ਦੀ ਗੱਲ ਬੋਲਦਾ,,,, ਇੱਕ ਦਿਨ ਅਚਾਨਕ ਰਾਣੀ ਦੇ ਘਰਵਾਲੇ ਦੀ ਮੌਤ ਹੋ ਗਈ,, ਹੁਣ ਗੁੱਡੀ ਤੇ ਰਾਣੀ ਦੋਨੋ ਦੁਖੀ ਸੀ,,,,,,,

ਰਾਣੀ ਦੇ ਬੱਚੇ ਦੋਨੋ ਬਾਹਰ ਵਿਦੇਸ਼ ਸੀ ਵਧੀਆ ਕਮਾਈ ਕਰਦੇ ਸੀ, ਚਲੋ ਰਾਣੀ ਖਰਚਾ ਕਰਦੀ ਆਵਦੀ ਮਾਂ ਦੀ ਦਵਾਈ ਦਾ ਤੇ ਬੱਚਿਆਂ ਦੀ ਪੜਾਈ ਤੇ ਭਰਾ ਦੇ ਬੱਚੇ,,,, ਰਾਣੀ ਅੰਦਰੋ ਦੁਖੀ ਬਹੁਤ ਸੀ ਮਾਂ ਵੱਲ ਦੇਖ ਕੇ ਜੋ ਇੰਨੇ ਦੁੱਖ ਦੇਖ ਰਹੀ ਸੀ ਤੇ ਬਿਮਾਰੀ ਵੀ ਹਟਦੀ ਨਹੀਂ ਸੀ,,,,,, ਜਦੋ ਗੁੱਡੀ ਬਿਮਾਰ ਜਿਆਦਾ ਹੋ ਜਾਂਦੀ ਰਾਣੀ ਹੀ ਚੁੱਕ ਹਸਪਤਾਲ ਲੈ ਜਾਂਦੀ ਵੀ ਰੱਬਾ ਮੇਰੇ ਕੋਲੋਂ ਸਭ ਕੁਝ ਖੋਹ ਲਿਆ ਹੁਣ ਮਾਂ ਹਜੇ ਨਾ ਖੋਈ,,,,, ਪਰ ਰੱਬ ਕਦੋਂ ਸੁਣਦਾ ਜਦੋਂ ਉਹ ਆਵਦੀ ਮਰਜੀ ਕਰੇ,,,,, ਰਾਣੀ ਨੂੰ ਛੱਡ ਬਿਮਾਰ ਗੁੱਡੀ ਵੀ ਚਲੀ ਗਈ,, ਡਾਕਟਰ ਨੇ ਬੋਲਿਆ ਵੀ ਗੁੱਡੀ ਦੇ ਫੇਫੜੇ ਹੁਣ ਕੰਮ ਨਹੀਂ ਕਰਦੇ,,,, ਗੁਰਦੇ ਵੀ ਖ਼ਰਾਬ ਹਨ,,,,,

ਰਾਣੀ ਬੈਠੀ ਸੋਚਦੀ ਹੈ ਕੀ ਖੱਟਿਆ ਮੇਰੀ ਮਾਂ ਨੇ ਸਾਰੀ ਉਮਰ ਕਮਾਈ ਕਰਕੇ, ਸਾਰਾ ਦਿਨ ਖੱਡੀ ਚ ਬੈਠੀ ਰਹਿੰਦੀ ਸੀ,,,,,, ਆ ਬਿਮਾਰੀਆਂ ਹੀ ਮਿਲੀਆਂ ਉਸਨੂੰ,,,, ਰਾਣੀ ਮਰੀ ਮਾਂ ਦੇ ਕੋਲ ਬੈਠੀ ਬੋਲ ਰਹੀ ਸੀ,

ਮਾਂ ਮੈਨੂੰ ਵੀ ਨਾਲ ਲੈ ਜਾਂਦੀ, ਤੇਰੇ ਦੁੱਖ ਸਾਰੀ ਜਿੰਦਗੀ ਦੇ ਦੇਖੇ ਮੈਥੋਂ ਕੱਲੀ ਤੋਂ ਝੱਲੇ ਨੀ ਜਾਂਦੇ,,,,, ਤੂੰ ਕੀ ਖੱਟ ਲਿਆ ਇੱਕ ਚੰਗੀ ਮਾਂ ਤੇ ਇੱਕ ਚੰਗੀ ਘਰਵਾਲੀ ਬਣਕੇ, ਆ ਸਾਹ ਦੀ ਬਿਮਾਰੀ ਮਿਲੀ ਤੈਨੂੰ ਅੱਜ ਇਹ ਬਿਮਾਰੀ ਨਾਲ ਲੈ ਗਈ ਤੈਨੂੰ,, ਮੈਨੂੰ ਛੱਡ ਗਈ ਤੂੰ ਕੱਲੀ ਨੂੰ ਮਾਂ, ਦੱਸ ਕਿਸ ਕੋਲ ਆਵਦੇ ਦੁੱਖ ਫਰੋਲੂ ਮੈਂ,,,,,,ਅੱਜ ਮੇਰੇ ਆਸੇ ਪਾਸੇ ਕੋਈ ਮੇਰਾ ਦਿਸਦਾ ਨਹੀਂ ਮੈਨੂੰ,,,,,,,

ਇਹ ਇੱਕ ਗੁੱਡੀ ਔਰਤ ਦੀ ਕਹਾਣੀ ਹੈ, ਪਰ ਔਰਤ ਸਾਰੀ ਉਮਰ

ਚੰਗੀ ਬਣਕੇ ਸਿਆਣੀ ਬਣਕੇ ਕੀ ਖੱਟਦੀ ਹੈ, ਬਹੁਤ ਸਾਰੇ ਰੋਗ ਜੋ ਉਹ ਬਿਨਾਂ ਰੋਏ ਬਿਨਾਂ ਕਿਸੇ ਨੂੰ ਸੁਣਾਏ ਅੰਦਰ ਰੱਖਦੀ ਹੈ ਜੋ ਇੱਕ ਦਿਨ ਰੋਗ ਬਣ ਜਾਂਦੇ ਹਨ,,,,ਉਹ ਹਰ ਇੱਕ ਧੀ ਪੁੱਤ ਨੂੰ ਬੇਨਤੀ ਹੈ ਆਵਦੀ ਮਾਂ ਬਾਪ ਨਾਲ ਖੁੱਲ ਕੇ ਉਸਦਾ ਦੁੱਖ ਸੁੱਖ ਸੁਣ ਲਿਆ ਕਰੋ, ਰੋਜ ਨੀ ਤਾਂ ਕਦੇ ਜਦੋਂ ਟਾਈਮ ਮਿਲ਼ੇ,, ਕਿਉਂਕਿ ਏਹੀ ਅੰਦਰ ਜਦੋਂ ਦੁੱਖ ਰਹਿਗੇ ਇੱਕ ਦਿਨ ਰੋਗ ਬਣਦੇ ਹਨ !!!!

**ਗੁਰਪ੍ਰੀਤ ਕੌਰ ' ਗੁਰੀ ਜੈਤੋ '**
**ਇੰਸਟਾਗ੍ਰਾਮ: GURIIJAITOO**

# ਮਰਦਾਨੀ

ਰਾਣੋ ਨਾਮ ਦੀ ਲੜਕੀ ਉੱਚੀ ਲੰਬੀ ਸੋਹਣੇ ਕੱਦ ਕਾਠ ਦੀ,,, ਮਾਂ ਪਿਉ ਨੇ ਵਿਆਹ ਕੀਤਾ ਇੱਕ ਚੰਗੀ ਜਮੀਨ ਦੇ ਮਾਲਕ ਹਰਦੀਪ ਸਿੰਘ ਦੇ ਨਾਲ , ਹਰਦੀਪ ਦਾ ਮਾਂ ਪਿਉ ਮਰ ਚੁੱਕਾ ਸੀ , ਹਰਦੀਪ ਦਾ ਵਿਆਹ ਉਸਦੇ ਭਰਾ ਭਰਜਾਈ ਨੇ ਕੀਤਾ ਸੀ , ਹਰਦੀਪ ਸ਼ਰਾਬ ਦਾ ਆਦੀ ਜਰੂਰ ਸੀ ਪਰ ਰਾਣੋ ਨਾਲ ਵਧੀਆ ਰਹਿੰਦਾ ਸੀ ।

ਰਾਣੋ ਦੀ ਜਠਾਣੀ ਨਾਲ ਘੱਟ ਬਣਦੀ ਸੀ ਇਸ ਕਰਕੇ ਜਲਦੀ ਵੱਖ ਹੋ ਗਏ ਸੀ ।

ਰਾਣੋ ਦੇ ਘਰੇ ਦੋ ਲੜਕੀਆਂ ਤੇ ਇੱਕ ਲੜਕੇ ਨੇ ਜਨਮ ਲਿਆ,,, ਰਾਣੋ ਨੂੰ ਬਹੁਤ ਸ਼ੌਕ ਸੀ ਖ਼ੁਦ ਪੜਨ ਦਾ ਪਰ ਆਵਦੀ ਖੁਸ਼ੀ ਪੂਰੀ ਨਹੀਂ ਹੋਈ ਇਸ ਕਰਕੇ ਆਵਦੀਆਂ ਲੜਕੀਆਂ ਨੂੰ ਪੜਾਉਣ ਦਾ ਸ਼ੌਕ ਪੂਰਾ ਕਰ ਰਹੀ ਸੀ,,, ਹਰਦੀਪ ਨੇ ਭਰਾ ਨਾਲੋਂ ਵੱਖਰਾ ਆਵਦਾ ਘਰ ਬਣਾ ਲਿਆ ਕਿਉਂਕਿ ਬਣਦੀ ਨਹੀਂ ਸੀ,,, ਹਰਦੀਪ ਤੇ ਰਾਣੋ ਵਧੀਆ ਰਹਿਣ ਲੱਗ ਗਏ,, ਹੁਣ ਹਰਦੀਪ ਨੇ ਸੋਚਿਆ ਆਵਦੀ ਜਮੀਨ ਘੱਟ ਹੈ ਪਰ ਮਹਿੰਗੇ ਮੁੱਲ ਦੀ ਹੈ ਇਸਨੂੰ ਵੇਚ ਕੇ ਜਿਆਦਾ ਜਮੀਨ ਬਣਾ ਲਵਾ,,, ਹਰਦੀਪ ਨੇ ਆਵਦੀ ਜਮੀਨ ਵੇਚ ਦਿੱਤੀ ਤੇ ਹੋਰ ਨਵੀਂ ਖ਼ਰੀਦ ਲਈ,,,,

ਰਾਣੋ ਦੇ ਜਵਾਕ ਸਕੂਲ ਜਾਂਦੇ ਸੀ ਵਧੀਆ ਪੜਾਈ ਕਰਦੇ ਸੀ,,, ਰਾਣੋ ਹਿੰਮਤੀ ਬਹੁਤ ਸੀ , ਹਰਦੀਪ ਨਾਲ ਖੇਤੀ ਦਾ ਕੰਮ ਵੀ ਕਰਾਉਣ ਜਾਂਦੀ ਸੀ,,,

ਹਰਦੀਪ ਨੇ ਜੋ ਨਵੀਂ ਜਮੀਨ ਲਈ ਸੀ ਉਹ ਰੌਲੇ ਵਾਲੀ ਨਿਕਲੀ, ਮਤਲਬ ਉਸ ਜਮੀਨ ਤੇ ਕੇਸ ਚੱਲਦਾ ਸੀ,,, ਹੁਣ ਹਰਦੀਪ ਨਾਲ ਉਹਨਾਂ ਦੀ ਲੜਾਈ ਹੋ ਜਾਂਦੀ ਸੀ,, ਹਰਦੀਪ ਨਾਲ ਧੱਕਾ ਹੋਣ ਲੱਗ ਗਿਆ, ਇਸ ਵਾਰ ਫ਼ਸਲ ਦੂਜੀ ਧਿਰ ਨੇ ਵੱਢ ਲਈ,,,, ਹਰਦੀਪ ਜਮੀਨ ਵਾਹੁਣ ਗਿਆ ਬੀਜਣ ਗਿਆ ਪਰ ਦੂਜੀ ਧਿਰ ਨੇ ਲੜਾਈ ਕੀਤੀ ।

ਹਰਦੀਪ ਨੂੰ ਜਮੀਨ ਵਾਹੁਣ ਨਹੀਂ ਦਿੱਤੀ,,, ਹਰਦੀਪ ਤੇ ਰਾਣੋ ਨੇ ਪਿੰਡ ਦੇ ਬਾਕੀ ਰਿਸ਼ਤੇਦਾਰ ਇਕੱਠੇ ਕੀਤੇ, ਜਮੀਨ ਵਾਹੁਣ ਦਾ ਫ਼ੈਸਲਾ ਹਰਦੀਪ ਦੇ ਹੱਕ ਵਿੱਚ ਹੋ ਗਿਆ,,, ਉਹ ਜਮੀਨ ਵਾਲੇ ਸ਼ਰੀਕ ਸੀ,,, ਜਮੀਨ ਦੇ ਉੱਤੇ ਕੇਸ ਸ਼ੁਰੂ ਹੋ ਗਿਆ,,, ਰਾਣੋ ਵਰਗਿਆਂ ਨੇ ਸ਼ਰੀਕਾਂ ਤੇ ਕੇਸ ਕਰ ਦਿੱਤਾ,,, ਹੁਣ ਜਮੀਨ ਵਾਹੁਣ ਬੀਜਣ ਦਾ ਹਰ ਵੇਲੇ ਖਤਰਾ ਬਣਿਆ ਰਹਿੰਦਾ ਸੀ,, ਰਾਣੋ ਤੇ ਹਰਦੀਪ ਦੋਨੋ ਇਕੱਠੇ ਖੇਤ ਜਾਂਦੇ ਸੀ,,, ਪਾਣੀ ਲਾਉਣ ਵੀ ਰਾਣੋ ਨਾਲ ਜਾਂਦੀ ਸੀ,, ਇਸ ਵਾਰ ਫ਼ਸਲ ਦੀ ਬਿਜਾਈ ਹਰਦੀਪ ਨੇ ਕੀਤੀ ਸੀ ਇਸ ਕਰਕੇ ਨਰਮਾ ਚੁਗ ਲਿਆ ਖੇਤ ਵਿਹਲਾ ਸੀ , ਹੁਣ ਹਰਦੀਪ ਵਰਗੇ ਵਾਹੁਣ ਵਾਸਤੇ ਆਏ ਹੋਏ ਸੀ,,, ਖੇਤ ਵਿੱਚ ਦੂਜੀ ਧਿਰ ਦੇ ਸ਼ਰੀਕ ਜੋਗੇ ਜੱਗੂ ਵਰਗੇ ਖੇਤ ਪਹਿਲਾਂ ਹੀ ਖੜੇ ਸੀ,,, ਝਗੜਾ ਹੋ ਗਿਆ, ਲੜਾਈ ਵਧ ਗਈ ਹਰਦੀਪ ਤੇ ਤੇਜ ਹਥਿਆਰ ਨਾਲ ਹਮਲਾ ਕੀਤਾ,, ਤੇ ਟਰਾਲੀ ਚ ਪਾ ਕੇ ਜੱਗੂ ਵਰਗੇ ਹਰਦੀਪ ਨੂੰ ਸੁੱਟਣ ਵਾਸਤੇ ਜਾਂਦੇ ਸੀ,, ਰਸਤੇ ਚ ਰਾਣੋ ਤੇ ਰਾਣੋ ਦੀ ਜਠਾਣੀ ਹਰਦੀਪ ਨੂੰ ਦੇਖਣ ਵਾਸਤੇ ਆਉਂਦੀਆਂ ਸੀ, ਕਿਉਂਕਿ ਘਰੋਂ ਗਏ ਹਰਦੀਪ ਨੂੰ ਟਾਈਮ ਬਹੁਤ ਹੋ ਗਿਆ ਸੀ,,

ਰਾਣੋ ਨੇ ਦੂਰੋਂ ਹੀ ਜੱਗੂ ਵਰਗਿਆਂ ਨੂੰ ਖੇਤ ਚ ਟਰੈਕਟਰ ਤੇ ਜਾਂਦਿਆਂ

ਦੇਖਿਆ ਤਾਂ ਰਾਣੋ ਟਰੈਕਟਰ ਦੇ ਮੂਹਰੇ ਹੋ ਕੇ ਖੜ ਗਈ ਜਦੋਂ ਦੇਖਿਆ ਹਰਦੀਪ ਖ਼ੂਨ ਨਾਲ ਲੱਥ ਪੱਥ ਸੀ,,, ਰਾਣੋ ਤੇ ਉਹਦੀ ਜਠਾਣੀ ਨੇ ਰੌਲ਼ਾ ਪਾ ਦਿੱਤਾ ਆਸੇ ਪਾਸੇ ਵਾਹਨਾਂ ਖੇਤਾਂ ਚੋਂ ਸਾਰੇ ਭੱਜ ਕੇ ਆ ਗਏ,, ਹਰਦੀਪ ਨੂੰ ਖਿੱਚ ਕੇ ਟਰਾਲੀ ਚੋਂ ਰਾਣੋ ਨੇ ਲਾਹ ਲਿਆ ਤੇ ਰਸਤੇ ਚੋਂ ਜਾਂਦੇ ਹੋਰ ਟਰੈਕਟਰ ਨੂੰ ਰੋਕ ਕੇ ਉਸ ਉਪਰ ਰੱਖ ਕੇ ਹਸਪਤਾਲ ਲੈ ਗਏ, ਹਰਦੀਪ ਮਰ ਚੁੱਕਾ ਸੀ,,,

ਹਰਦੀਪ ਨੂੰ ਲੈ ਕੇ ਰਾਣੋ ਵਰਗੀਆਂ ਘਰੇ ਆ ਜਾਂਦੀਆਂ,,, ਹਰਦੀਪ ਦਾ ਸੰਸਕਾਰ ਹੋ ਜਾਂਦਾ,, ਹਰਦੀਪ ਦੇ ਭਰਾ ਭਰਜਾਈ ਦੋਨੋ ਸਾਥ ਦਿੰਦੇ ਸੀ,,, ਸਾਰੇ ਪਿੰਡ ਦੇ ਦਰਵਾਜੇ ਬੰਦ ਸੀ ਕਿਉਂਕਿ ਸਾਰਾ ਪਿੰਡ ਹਰਦੀਪ ਦੇ ਘਰੇ ਸੀ ਪਰ ਉਹ ਸ਼ਰੀਕ ਆਵਦੇ ਘਰ ਵਿੱਚ ਬੈਠੇ ਸੀ,,, ਹਰਦੀਪ ਦੇ ਸੱਜੇ ਪਾਸੇ ਤੇ ਖੱਬੇ ਪਾਸੇ ਦੋਨੋ ਘਰ ਉਹਨਾਂ ਸ਼ਰੀਕਾਂ ਦੇ ਸੀ,,,

ਹਰਦੀਪ ਦਾ ਭੋਗ ਪਿਆ ਰਾਣੋ ਦੇ ਨਾਲ ਪੇਕਾ ਪਿੰਡ ਸੀ,,, ਸਾਰਾ ਪੇਕਾ ਪਿੰਡ ਆਇਆ ਹੋਇਆ ਸੀ,, ਪੇਕੇ ਪਿੰਡ ਦੇ ਬੰਦਿਆਂ ਨੇ ਪੱਗ ਚੱਕੀ ਤੇ ਰਾਣੋ ਦੇ ਬੰਨ ਦਿੱਤੀ ਤੇ ਰਾਣੋ ਨੂੰ ਪਿਉ ਨੇ ਕਿਹਾ, ਪੁੱਤ ਖੜਾ ਹੋ ਅੱਜ ਤੋਂ ਖ਼ੁਦ ਬੰਦਾ ਬਣਜਾ ਤੇ ਆਵਦੀ ਜਮੀਨ ਨੂੰ ਵਾਹ ਬੀਜ ਕੇ ਦਿਖਾ, ਅਸੀਂ ਤੇਰੇ ਨਾਲ ਹਾਂ ਤੂੰ ਉਸੇ ਜਮੀਨ ਵਿੱਚ ਹਲ਼ ਚਲਾਉਣਾ ਜਿਸ ਵਿੱਚ ਤੇਰੇ ਘਰਵਾਲੇ ਨੂੰ ਮਾਰ ਦਿੱਤਾ, ਹਰਦੀਪ ਜਮੀਨ ਦੀ ਖਾਤਿਰ ਆਵਦੀ ਜਾਨ ਦੇ ਗਿਆ ਚਲ ਉੱਠ ਬੰਦਾ ਬਣਜਾ,,,,

ਰਾਣੋ ਨੇ ਪੱਗ ਬੰਨ ਲਈ ਤੇ ਕਿਹਾ ਮੈਂ ਓਸੇ ਜਮੀਨ ਚ ਰਹਿਣਾ ਉਹ ਜਮੀਨ ਸ਼ਰੀਕਾਂ ਵਾਸਤੇ ਨਹੀਂ ਛੱਡਣੀ ਜੋ ਮੇਰਾ ਪਤੀ ਆਵਦੀ ਜਾਨ ਦੇ ਗਿਆ ਮੈਂ ਵੀ ਬੇਸ਼ੱਕ ਓਥੇ ਮਰ ਜਾਵਾਂ, ਮੈਨੂੰ ਖੇਤ ਚ ਝੁੱਗੀ (ਛਪਰੀ )ਪਾ ਕੇ ਬੈਠਣਾ ਮਨਜ਼ੂਰ ਹੈ,,,

ਰਾਣੋ ਨੇ ਘਰ ਨੂੰ ਸੰਭਾਲ ਲਿਆ, ਰਾਣੋ ਦੀ ਵੱਡੀ ਲੜਕੀ ਕਾਲੇ ਪੜਨ ਵਿੱਚ ਹੁਸ਼ਿਆਰ ਸੀ , ਖੇਤ ਮਾਂ ਨਾਲ ਜਾਣ ਲੱਗ ਗਈ ਸੀ, ਦੂਜੀ ਲੜਕੀ ਸਿਮਰਨ ਨਾਨੀ ਲੈ ਗਈ, ਸਿਮਰਨ ਨਾਨਕੇ ਪੜਦੀ ਸੀ, ਲੜਕਾ ਪਾਲਾ ਛੋਟਾ ਸੀ, ਕਾਲੇ ਤੇ ਰਾਣੋ ਦੋਨੋ ਖੇਤ ਜਾਂਦੀਆਂ ਓਥੇ ਕਹੀ  ਕਸੋਲੀ ਨਾਲ ਖੇਤ ਨੂੰ ਗੁੱਡਣਾ ਤੇ ਕਣਕ ਬੀਜ ਦੇਣੀ,,, ਜੱਗੂ ਟਰੈਕਟਰ ਨਾਲ ਕਣਕ ਬੀਜ ਆਉਂਦਾ,, ਰਾਣੋ ਜੱਗੂ ਸਾਹਮਣੇ ਫਿਰਦੀ ਰਹਿੰਦੀ ਖੇਤ ਚ, ਮੋਢੇ ਤੇ ਕਹੀ ਚੁੱਕੀ,,,, ਕੇਸ ਦੋ ਚੱਲਦੇ ਸੀ, ਇੱਕ ਜਮੀਨ ਦਾ ਦੂਜਾ ਹਰਦੀਪ ਦੇ ਕਤਲ ਦਾ, ਜੱਗੂ ਵਰਗੇ ਬੱਸ ਤੇ ਜਾਂਦੇ, ਰਾਣੋ ਵੀ ਉਸੇ ਬੱਸ ਤੇ ਜਾਂਦੀ ਸੀ, ਜਦੋਂ ਕਚਿਹਰੀ 'ਚ ਤਾਰੀਖ਼ ਹੁੰਦੀ ਰਾਣੋ ਨੇ ਉਸੇ ਬੱਸ ਚ ਬੈਠਣਾ ਡਰਾਈਵਰ ਦੀ ਸੀਟ ਕੋਲ, ਪਿੱਛੇ ਜੱਗੂ ਵਰਗੇ ਬੈਠੇ ਹੁੰਦੇ ਸੀ, ਜੱਗੂ ਵਰਗੇ ਛੇ ਸੱਤ ਬੰਦੇ ਰਲ਼ ਕੇ ਤਾਰੀਖ਼ ਤੇ ਜਾਂਦੇ ਸੀ,,, ਰਾਣੋ ਡਰਦੀ ਨਹੀਂ ਸੀ,,,, ਮਹੀਨੇ ਬਾਅਦ ਤਾਰੀਖ਼ ਹੁੰਦੀ ਰਾਣੋ ਆਏ ਮਹੀਨੇ ਜਾਂਦੀ ਸੀ,,, ਰਾਣੋ ਤੇ ਕਾਲੇ ਦੋਨੋ ਖੇਤ ਦਾ ਕੰਮ ਸਾਰਾ ਦਿਨ ਕਰਦੀਆਂ ਸੀ,, ਰਾਣੋ ਦੇ ਪੇਕੇ ਸਾਥ ਦਿੰਦੇ ਸੀ ਪਰ ਰਾਣੋ ਦੇ ਘਰ ਦਾ ਖਰਚ ਰਾਣੋ ਦੇ ਨਾਨਕੇ ਚੁੱਕਦੇ ਸੀ,,,, ਮਹੀਨੇ ਦਾ ਰਾਸ਼ਨ ਗਰਮੀ ਸਰਦੀ ਕੱਪੜੇ ਨਾਨਕੇ ਦਿੰਦੇ ਸੀ,, ਰਾਣੋ ਦਾ ਪੇਕੇ ਪਿੰਡ ਸਾਰਾ ਰਾਣੋ ਦੇ ਨਾਲ ਸਪੋਰਟ ਵਾਸਤੇ ਸੀ,,,,

ਕਣਕ ਵੱਡੀ ਹੋਈ,,, ਰਾਣੋ ਦੀ ਕਣਕ ਦਾ ਝਾੜ ਘੱਟ ਸੀ ਕਿਉਂਕਿ ਕਣਕ ਬੀਜੀ ਹੱਥਾਂ ਨਾਲ ਸੀ,, ਜੱਗੂ ਦੀ ਕਣਕ ਵਧੀਆ ਖੇਤ ਵਿੱਚ ਪੱਕਣ ਦੇ ਨੇੜੇ ਸੀ,,,, ਰਾਣੋ ਨੇ ਇੱਕ ਰਾਤ ਨੂੰ ਖੇਤ ਚ ਖੜੀ ਕਣਕ ਨੂੰ ਅੱਗ ਲਾ ਦਿਤੀ,, ਰਾਣੋ ਅੱਗ ਲਾ ਕੇ ਰਸਤੇ ਚ ਮਿਲੀ ਗੱਡੀ ਤੇ ਚੜ ਕੇ ਆਵਦੇ ਪੇਕੇ ਪਿੰਡ ਆ ਗਈ,, ਹੁਣ ਸ਼ਰੀਕਾਂ ਨੇ ਰਾਣੋ ਤੇ ਕੇਸ ਕਰ

ਦਿੱਤਾ,, ਰਾਣੋ ਕਣਕ ਵਾਲੇ ਕੇਸ ਚ ਤਾਰੀਖ਼ ਤੇ ਗਈ ਰਾਣੋ ਨੂੰ ਮਹੀਨੇ ਵਾਸਤੇ ਜੇਲ੍ਹ ਚ ਰੱਖ ਦਿੱਤਾ ਗਿਆ,,ਰਾਣੋ ਨੂੰ ਕੁਝ ਪਤਾ ਨਹੀਂ ਸੀ ਕਿ ਮੈਨੂੰ ਇਸ ਵਾਰ ਜੇਲ੍ਹ ਜਾਣਾ ਪਊ, ਰਾਣੋ ਕੋਲ ਕੋਈ ਕੱਪੜਾ ਨਹੀਂ ਸੀ, ਰਾਣੋ ਨੇ ਓਥੇ ਕਿਸੇ ਔਰਤ ਨਾਲ ਗੱਲ ਕਰਕੇ ਕੋਈ ਮਿਲਣ ਆਉਣ ਤੇ ਪੇਕੇ ਪਿੰਡ ਖ਼ਬਰ ਪਹੁੰਚਾ ਦਿੱਤੀ ਕਿ ਮੈਂ ਜੇਲ੍ਹ ਚ ਹਾਂ ਮੈਨੂੰ ਸਮਾਨ ਫੜਾ ਜਾਓ ਤੇ ਘਰੇ ਜਵਾਕਾਂ ਕੋਲ ਜਾਂਦੇ ਰਹੋ,,,,

ਜਵਾਕਾਂ ਕੋਲ ਜੇਠ ਜਠਾਣੀ ਸੀ,,,, ਰਾਣੋ ਮਹੀਨੇ ਬਾਅਦ ਜੇਲ੍ਹ ਤੋਂ ਬਾਹਰ ਆ ਗਈ,,, ਉਹੀ ਕੇਸ ਤਾਰੀਖਾਂ ਸ਼ੁਰੂ ਸੀ, ਰਾਣੋ ਡਰਦੀ ਨਹੀਂ ਸੀ,,, ਹੁਣ ਤਾਂ ਆਏ ਹੀ ਸੋਚਦੀ ਜੱਗੂ ਨੂੰ ਏਥੇ ਹੀ ਖ਼ਤਮ ਕਰ ਦੇਵਾਂ,, ਸ਼ਰੀਕਾਂ ਨੂੰ ਮੌਤ ਦੇਣੀ ਰਾਣੋ ਦਾ ਮਕਸਦ ਬਣ ਗਿਆ ਸੀ,,,, ਇੱਕ ਵਾਰ ਤਾਰੀਖ਼ ਤੇ ਰਾਣੋ ਨਾਲ ਜਠਾਣੀ ਤੇ ਜੇਠ ਆਏ ਹੋਏ ਸੀ,, ਪੇਸ਼ੀ ਪਈ ਗੱਲ ਬਾਤ ਹੋਈ ਜਦੋਂ ਕਮਰੇ ਚੋਂ ਬਾਹਰ ਆਏ ਰਾਣੋ ਨੇ ਇੱਕ ਦਮ ਜੱਗੂ ਨੂੰ ਦੇਖਿਆ ਰਾਣੋ ਜੱਗੂ ਤੇ ਝਪਟਾ ਮਾਰਿਆ ਲੱਤ ਫੜ ਲਈ ਥੱਲੇ ਡੇਗਣ ਲੱਗੀ ਸੀ ਕੇ ਭੱਜ ਜੇਠ ਜਠਾਣੀ ਨੇ ਫੜੀ, ਜੱਗੂ ਭੱਜ ਕੰਧ ਟੱਪ ਗਿਆ, ਰਾਣੋ ਨੇ ਗਾਲਾਂ ਦੀ ਝੜੀ ਲਾ ਦਿੱਤੀ ਖੜ ਜੇ ਮਰਦ ਹੈ ਹੁਣ ਭੱਜਦਾ ਕਿਉਂ,,, ਰਾਣੋ ਦਾ ਖ਼ੂਨ ਖੌਲ ਰਿਹਾ ਸੀ,,,

ਰਾਣੋ ਨੂੰ ਇੱਕੋ ਕੰਮ ਦਿਸਦਾ ਸੀ ਕਦੋਂ ਕੇਸ ਦੀ ਜਿੱਤ ਹੋਵੇ,, ਉਹ ਵੀ ਦਿਨ ਆ ਗਿਆ, ਰਾਣੋ ਕੇਸ ਜਿੱਤ ਗਈ,,, ਰਾਣੋ ਦੇ ਹੱਕ ਚ ਫ਼ੈਸਲਾ ਹੋ ਗਿਆ,,, ਹੁਣ ਜਮੀਨ ਤੇ ਕਬਜ਼ਾ ਕਰਨ ਵਾਸਤੇ ਪਹਿਲੀ ਵਾਰ ਸਾਰੀ ਵਾਹੁਣ ਬੀਜਣ ਵਾਸਤੇ ਰਾਣੋ ਦੇ ਪੇਕੇ ਆਏ ਹੋਏ ਸੀ ਤੇ ਪੁਲਿਸ ਆਈ ਹੋਈ ਸੀ,, ਰਾਣੋ ਦੀ ਲੜਕੀ ਕਾਲੇ ਵੀ ਵਧੀਆ ਪੜਦੀ ਸੀ, ਕਾਲੇ ਨੂੰ ਪੁਲਿਸ ਦੀ ਨੌਕਰੀ ਮਿਲ ਗਈ।

ਰਾਣੋ ਦਾ ਲੜਕਾ ਪੜਾਈ ਕਰਦਾ ਤੇ ਖੇਤੀ ਕਰਦਾ,,, ਅੱਜ ਰਾਣੋ ਤੇ ਸਾਰੇ ਰਿਸ਼ਤੇਦਾਰਾਂ ਨੂੰ ਮਾਣ ਹੈ,, ਰਾਣੋ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ, ਅੱਜ ਵੀ ਰਾਣੋ ਇਹੀ ਬੋਲਦੀ ਹੈ ਜਦੋਂ ਪੈਰ ਚੁੱਕ ਲਿਆ ਫਿਰ ਪਿੱਛੇ ਨਾ ਰੱਖੋ ਮੌਤ ਤੋਂ ਨਾ ਡਰੋ ਜਦੋਂ ਆਉਣੀ ਹੈ ਆ ਹੀ ਜਾਣੀ ਹੈ,,, ਅੱਜ ਵੀ ਰਾਣੋ ਦੁਸ਼ਮਣਾਂ ਦੇ ਘਰਾਂ ਦੇ ਵਿਚਕਾਰ ਰਹਿੰਦੀ ਹੈ,, ਰਾਣੋ ਰਾਤ ਨੂੰ ਮੰਜੇ ਤੇ ਆਵਦੇ ਨਾਲ ਡਾਂਗ ਰੱਖ ਕੇ ਪੈਂਦੀ ਹੈ,, ਹਿੰਮਤ ਰੱਖੋ ਕੁਝ ਠਾਣ ਲਓ ਫਿਰ ਪਿੱਛੇ ਮੁੜ ਕੇ ਨਾ ਦੇਖੋ!

ꕥ❀❀❀❀❀ꕥ

**ਗੁਰਪ੍ਰੀਤ ਕੌਰ ' ਗੁਰੀ ਜੈਤੋ '**

**ਇੰਸਟਾਗ੍ਰਾਮ: GURIIJAITOO**

# ਸਾਡਾ ਬਚਪਨਾ

ਬਚਪਨ ਬਹੁਤ ਸੋਹਣਾ ਹੁੰਦਾ ਸੀ,, ਨਾ ਕੋਈ ਫ਼ਿਕਰ ਨਾ ਕੋਈ ਟੈਂਸ਼ਨ ,, ਬਹੁਤ ਮੌਜਾਂ ਮਾਣਦੇ ਸੀ,, ਕਈ ਵਾਰ ਪੁੱਠੇ ਕੰਮ ਕਰਨੇ ਫਿਰ ਡਰਦੇ ਘਰ ਨਾ ਜਾਣਾ ,, ਇੰਨਾ ਡਰ ਹੁੰਦਾ ਸੀ ਵੱਡਿਆਂ ਦਾ
ਕਈ ਵਾਰ ਗ਼ਲਤੀ ਵੀ ਨਹੀਂ ਹੁੰਦੀ ਸੀ ਫਿਰ ਵੀ ਕੁੱਟ ਪੈ ਜਾਣੀ।

ਇੱਕ ਵਾਰ ਘਰ ਕੋਈ ਨਹੀਂ ਸੀ ਬਸ ਅਸੀਂ ਚਾਰ ਬੱਚੇ ਸੀ
ਫਿਰ ਸਾਰਿਆਂ ਨੇ ਸਲਾਹ ਬਣਾਈ ਕੇ ਬੱਤੇ ਪੀਤੇ ਜਾਣਾ,, ਪਰ ਪੈਸੇ ਨਹੀਂ ਸੀ,, ਉਸ ਟਾਈਮ ਕਣਕ ਦੀ ਵਾਢੀ ਹੋ ਰਹੀ ਸੀ,,

ਮੇਰੀ ਭੈਣ ਕਹਿੰਦੀ ਕਣਕ ਦੇ ਕੇ ਬੱਤੇ ਲਿਆਉਂਦੇ ਹਾਂ,, ਸਾਰਿਆਂ ਨੇ ਹਾਂ ਕਰ ਦਿੱਤੀ,, ਚਲੇ ਗਏ ਦੁਕਾਨ ਤੇ ਕਣਕ ਜਿਆਦਾ ਸੀ,, ਚਾਰ ਬੱਤੇ ( coke di bottles ) ਨਾਲ ਪਕੌੜੀਆਂ ਵੀ ਆ ਗਈਆਂ,,

ਸਾਰੇ ਖ਼ੁਸ਼ ਹੋ ਗਏ,, ਜਲਦੀ ਜਲਦੀ ਘਰ ਵੀ ਆਏ ,, ਕੁੰਡਾ ਲਗਾ ਲਿਆ ਵੀ ਕੋਈ ਦੇਖ ਨਾ ਲਏ ... ਪਰ ਸਾਡੀ ਇੱਕ ਗੁਆਂਢਣ ਬੇਬੇ ਨੇ ਦੇਖ ਲਿਆ,, ਉਹ ਵੀ ਆ ਗਈ ਕਹਿੰਦੀ ਸਾਡੀ ਕੁੜੀ ਨੂੰ ਵੀ ਦੇ ਦੋ ,,ਇਹ ਵੀ ਮੰਗਦੀ ਹੈ,,

ਸਾਡੇ ਤੋਂ ਬੋਤਲ ਦਾ ਢੱਕਣ ਨਾ ਖੁੱਲੇ ਕਿਉਂਕਿ ਕੱਚ ਵਾਲੀ ਹੁੰਦੀ

ਸੀ,,ਉਹ ਬਹੁਤ ਔਖੀ ਖੁੱਲ੍ਹਦੀ ਹੁੰਦੀ ਸੀ,,

ਅਸੀਂ ਤਾਂ ਚਾਅ ਵਿੱਚ ਦੁਕਾਨ ਵਾਲੇ ਤੋਂ ਖੁਲਵਾਉਣੀ ਵੀ ਭੁੱਲ ਗਏ , ਬਹੁਤ ਮਿਹਨਤ ਤੋਂ ਬਾਅਦ ਬੋਤਲ ਤਾਂ ਖੁੱਲ ਗਈ ਪਰ coke ਨਿਕਲ ਗਿਆ ।

ਸਾਰਿਆਂ ਦੇ ਮੂੰਹ ਉੱਡ ਗਏ, ਵੀ ਇੰਨੀ ਮਿਹਨਤ ਵੀ ਕਰੀ ਕੁਝ ਮਿਲਿਆ ਵੀ ਨਹੀਂ । ਬੇਬੇ ਵੀ ਤੁਰ ਗਈ ਆਪਣੇ ਘਰ ਨੂੰ ,
ਉੱਪਰੋਂ ਬੇਬੇ ਦਾ ਡਰ ਵੀ ਘਰਦਿਆਂ ਨੂੰ ਦੱਸੂਗੀ ਕੁਝ ਪੀਤਾ ਵੀ ਨਹੀਂ ਕੁੱਟ ਵੀ ਖਾਣੀ ਪੈਣੀ ਆ,,

ਬੇਬੇ ਨੇ ਸਾਡੇ ਬੱਤਿਆਂ ਨੂੰ ਨਜ਼ਰ ਲਗਾ ਦਿੱਤੀ , ਫਿਰ ਯਾਦ ਆਇਆ ਵੀ ਪਕੌੜੀਆਂ ਤਾਂ ਖਾ ਲਓ ... ਫਿਰ ਕੁੱਟ ਵੀ ਖਾਣੀ ਆ ਰਾਤ ਨੂੰ । ਬਸ ਫਿਰ ਸਾਰੇ ਟਾਈਮ ਨਾਲ ਸੌਂ ਗਏ ਵੀ ਕਿਤੇ ਬੇਬੇ ਨਾ ਆ ਜਾਵੇ । ਪਰ ਬੇਬੇ ਵੀ ਪੱਕੀ ਸੀ ਦੱਸਿਆ ਨਹੀਂ ਕੁਝ ਵੀ ।
ਅਸੀਂ ਐਵੇਂ ਹੀ ਡਰਦੇ ਰਿਹਾ ਕਰਨਾ ਬੇਬੇ ਤੋਂ , ਉਸਦੇ ਕੰਮ ਵੀ ਕਰਨੇ ਵੀ ਜੇਕਰ ਨਾ ਕਰੇ ਤਾਂ ਬੇਬੇ ਨੇ ਘਰ ਦੱਸ ਦੇਣਾ ,, ਇੰਨਾ ਡਰ ਹੁੰਦਾ ਸੀ,,

ਅੱਜਕਲ੍ਹ ਤਾਂ ਬੱਚੇ ਬਿਲਕੁਲ ਨਹੀਂ ਡਰਦੇ ਸਗੋਂ ਰੁੱਸ ਕੇ ਬਹਿ ਜਾਂਦੇ ਨੇ ਜਿੰਨਾ ਟਾਈਮ ਡਿਮਾਂਡ ਪੂਰੀ ਨਹੀਂ ਹੁੰਦੀ। ਸਾਨੂੰ ਤਾਂ ਕੁੱਟ ਦਿੰਦੇ ਸੀ, ਫਿਰ ਚੁੱਪ ਵੀ ਕੁੱਟ ਕੇ ਕਰਾਇਆ ਜਾਂਦਾ ਸੀ । ਇਹੋ ਜਿਹਾ ਹੁੰਦਾ ਸੀ ਬਚਪਨਾ......

ਇੱਕ ਵਾਰ ਦੀ ਗੱਲ ਹੈ ਮੇਰੀ ਭੂਆ ਦਾ ਵਿਆਹ ਸੀ,, ਲੋਕ ਵਿਆਹ ਦੇਖਦੇ ਸੀ ਅਸੀਂ ਕੋਠੇ ਤੇ ਖੇਡ ਰਹੇ ਸੀ,, ਨੀਚੇ ਤੋਂ ਗੁਲਾਬ ਜਾਮੁਨ ਚੱਕਣੀ ਕੋਠੇ ਤੇ ਜਾ ਕੇ ਅੱਧੀ ਖਾਣੀ ਅੱਧੀ ਸਾਡੇ ਘਰ ਦੇ ਪਿਛਲੇ ਪਾਸੇ ਇੱਕ ਬੁੱਢੀ ਬੇਬੇ ਕੱਲੀ ਰਹਿੰਦੀ ਸੀ ਉਸਦੇ ਘਰ ਸੁੱਟ ਦੇਣੀ ।

ਸਾਨੂੰ ਇਹ ਵੀ ਨਹੀਂ ਪਤਾ ਵੀ ਕਿਉਂ ਸੁੱਟੀਆਂ ਸੀ , ਵਿਆਹ ਵੀ ਹੋ ਗਿਆ ਵਿਦਾਈ ਵੀ ਹੋ ਗਈ , ਸਾਨੂੰ ਕੋਈ ਲੈਣਾ ਦੇਣਾ ਨਹੀਂ ਸੀ ਵਿਆਹ ਨਾਲ । ਹੋਰ ਤਾਂ ਹੋਰ ਸਾਡੀ ਇੱਕ ਵੀ ਫੋਟੋ ਨਹੀਂ ਵਿਆਹ ਵਿੱਚ ਕਿਉਂਕਿ ਅਸੀਂ ਤਾਂ ਆਪਣੇ ਕੰਮ ਲੱਗੇ ਹੋਏ ਸੀ ।

ਸੋ ਅਸੀਂ ਆਪਣਾ ਕੰਮ ਜਾਰੀ ਰੱਖਿਆ ... ਬੇਬੇ ਦੇ ਵਿਹੜੇ ਵਿੱਚ ਗੁਲਾਬ ਜਾਮੁਨਾਂ ਦਾ ਮੀਂਹ ਵਰ੍ਹਾ ਦਿੱਤਾ,, ਫਿਰ ਬੇਬੇ ਨੇ ਗਾਲਾਂ ਦਾ ਮੀਂਹ ਵਰ੍ਹਾ ਦਿੱਤਾ ,, ਉਸ ਤੋਂ ਬਾਅਦ ਸਾਡੇ ਕੁੱਟ ਦਾ ਮੀਂਹ ਵਰ੍ਹਿਆ। ਘਰਦੇ ਪੁੱਛਣ ਵੀ ਇਹ ਕਿਉਂ ਕਰਿਆ ਸਾਨੂੰ ਤਾਂ ਆਪ ਨਹੀਂ ਪਤਾ ਸੀ,, ਅਸੀਂ ਕੀ ਦੱਸਦੇ ।

ਇਹ ਸੀ ਸਾਡਾ ਬਚਪਨਾ ....

꧁❀❀✿❀❀꧂

**ਕੌਰ ਸੰਧੂ**

**ਇੰਸਟਾਗ੍ਰਾਮ: KAUR.SANDHU.26**

# ਆਦਮੀ ਦੀ ਕੀਮਤ

ਇੱਕ ਵਾਰ ਇੱਕ ਲੋਹੇ ਦੀ ਦੁਕਾਨ ਵਿੱਚ ਆਪਣੇ ਪਿਤਾ ਨਾਲ ਕੰਮ ਕਰਦੇ ਇੱਕ ਲੜਕੇ ਨੇ ਅਚਾਨਕ ਆਪਣੇ ਪਿਤਾ ਨੂੰ ਪੁੱਛਿਆ - "ਪਿਤਾ ਜੀ, ਇਸ ਸੰਸਾਰ ਵਿੱਚ ਇੱਕ ਆਦਮੀ ਦੀ ਕੀ ਕੀਮਤ ਹੈ?"

ਛੋਟੇ ਬੱਚੇ ਤੋਂ ਇੰਨਾ ਗੰਭੀਰ ਸਵਾਲ ਸੁਣ ਕੇ ਪਿਤਾ ਹੈਰਾਨ ਰਹਿ ਗਿਆ।

ਫਿਰ ਬੋਲਿਆ - "ਪੁੱਤਰਾ, ਬੰਦੇ ਦੀ ਕਦਰ ਕਰਨੀ ਬਹੁਤ ਔਖੀ ਹੈ, ਉਹ ਅਨਮੋਲ ਹੈ।"

ਬੱਚੇ - ਕੀ ਸਾਰੇ ਬਰਾਬਰ ਕੀਮਤੀ ਅਤੇ ਮਹੱਤਵਪੂਰਨ ਹਨ?

ਪਿਤਾ - ਹਾਂ ਬੇਟਾ।

ਲੜਕੇ ਦਾ ਕੋਈ ਪਾਸਾ ਨਹੀਂ ਸੀ, ਉਸਨੇ ਫਿਰ ਸਵਾਲ ਕੀਤਾ - ਫਿਰ ਇਸ ਸੰਸਾਰ ਵਿੱਚ ਕੋਈ ਗਰੀਬ ਅਤੇ ਕੋਈ ਅਮੀਰ ਕਿਉਂ ਹੈ? ਕਿਉਂ ਕਿਸੇ ਦੀ ਇੱਜਤ ਘੱਟ ਤੇ ਕਿਸੇ ਦੀ ਜ਼ਿਆਦਾ?

ਸਵਾਲ ਸੁਣ ਕੇ ਪਿਤਾ ਕੁਝ ਦੇਰ ਸ਼ਾਂਤ ਰਿਹਾ ਅਤੇ ਫਿਰ ਲੜਕੇ ਨੂੰ ਸਟੋਰ ਰੂਮ ਵਿੱਚ ਪਈ ਲੋਹੇ ਦੀ ਰਾਡ ਲਿਆਉਣ ਲਈ ਕਿਹਾ।

ਜਿਵੇਂ ਹੀ ਉਹ ਡੰਡਾ ਲੈ ਕੇ ਆਇਆ, ਪਿਤਾ ਨੇ ਪੁੱਛਿਆ - ਇਸਦੀ ਕੀਮਤ ਕੀ ਹੋਵੇਗੀ?

ਲੜਕੇ - ਲਗਭਗ 300 ਰੁਪਏ

ਪਿਤਾ ਜੀ – ਜੇਕਰ ਮੈ ਇਸ ਤੋਂ ਛੋਟੇ-ਛੋਟੇ ਕਿੱਲ ਬਣਾਵਾਂ, ਤਾਂ ਉਸਦੀ ਕੀਮਤ ਕੀ ਹੈ?

ਕੁਝ ਦੇਰ ਸੋਚਕੇ - ਉਦੋਂ ਤਾਂ ਇਹ ਲਗਭਗ 1000 ਰੂਪਏ ਦਾ ਵਿਕੇਗਾ।

ਪਿਤਾ ਜੀ – ਜੇਕਰ ਮੈਂ ਇਸ ਲੋਹੇ ਤੋਂ ਘੜੀ ਦੇ ਬਹੁਤ ਸਾਰੇ ਸਪ੍ਰਿੰਗ ਬਣਾਵਾਂ ਤਾਂ?

ਬਾਲਕ ਕੁਝ ਦੇਰ ਸੋਚਦਾ ਰਿਹਾ ਅਤੇ ਫਿਰ ਕੁਝ ਉਤਸੁਕ ਹੋਕੇ ਬੋਲਿਆ ਤਾਂ ਉਸ ਦੀ ਕੀਮਤ ਬਹੁਤ ਜ਼ਿਆਦਾ ਹੋ ਜਾਏਗੀ।

ਪਿਤਾ ਜੀ ਨੇ ਸਮਝਾਇਆ ਕਿ– "ਠੀਕ ਇਸ ਵਾਂਗ ਹੀ ਮਨੁੱਖ ਦੀ ਕੀਮਤ ਇਸ ਵਿੱਚ ਨਹੀਂ ਹੈ ਕਿ ਅਜੇ ਇਹ ਕੀ ਹੈ, ਪਰ ਇਸ ਤਰ੍ਹਾਂ ਹੈ ਕਿ ਇਸਤੋਂ ਤੁਸੀਂ ਕੀ ਬਣਾ ਸਕਦੇ ਹੋ।

ਬਾਲਕ ਆਪਣੇ ਪਿਤਾ ਦੀ ਗੱਲ ਨਾਲ ਸਮਝੌਤਾ ਕਰਦਾ ਹੈ।

ਅਸੀਂ ਆਪਣੇ ਆਪ ਨੂੰ ਮੁੱਲਵਾਨ ਵੀ ਬਣਾ ਸਕਦੇ ਹਾਂ ਜਾਂ ਫਿਰ ਹੇਠਾਂ ਵੀ ਗਿਰਾ ਸਕਦੇ ਹਾਂ, ਤਾਂ ਅੱਜ ਤੋਂ ਜੋ ਤੂੰ ਬਣਨਾ ਆਪਣੀ ਤਿਆਰੀ ਸ਼ੁਰੂ ਕਰ ਦੋ।

**ਜਸਪ੍ਰੀਤ ਬਰਾੜ**

**ਈਮੇਲ: JBRAR2807@GMAIL.COM**

# ਹੁਣ ਮੋਬਾਈਲ ਦੋਸ਼ੀ ਹੋ ਗਿਆ ?

ਅੱਜ ਜਦੋਂ ਵੀ ਮੋਬਾਈਲ ਦੀ ਗੱਲ ਚੱਲਦੀ ਆ ਤਾਂ ਆਪਾਂ ਗਿਆਨ ਵੰਡਣ ਲੱਗ ਜਾਂਦੇ ਹਾਂ । ਫੋਨ ਦੀਆਂ ਬੁਰਾਈਆਂ ਕਰਨ ਲਈ ਆਪਾਂ ਆਪੋ ਆਪਣੇ ਵਿਚਾਰਾਂ ਦੀ ਝੜੀ ਲਾ ਦਿੰਨੇ ਆ ।

ਸਭ ਲਿਖਣ ਲੱਗ ਪੈਂਦੇ ਨੇ " ਮੋਬਾਇਲ ਆਂਏ ਆ ਜੀ ... ਮੋਬਾਇਲ ਨੇ ਬਚਪਨ ਖਾ ਲਿਆ , ਜਵਾਨੀ ਮਾਰਤੀ , ਰਿਸ਼ਤੇ ਤੋੜਤੇ ... ਬਸ ਮੋਬਾਈਲ ਹੀ ਪੱਲੇ ਰਹਿ ਗਿਆ .... ਸਾਰੇ ਲੋਕ ਮੋਬਾਈਲ ਤੇ ਲੱਗੇ ਰਹਿੰਦੇ ਆ .... ਵਗੈਰਾ ਵਗੈਰਾ .... ।

ਪਰ ਇੱਕ ਗੱਲ ਤੇ ਗੌਰ ਕੀਤੀ ? ਤੁਸੀਂ ਇਹ ਸਭ ਕੁਝ ਲਿਖ ਵੀ ਮੋਬਾਇਲ ਤੇ ਹੀ ਰਹੇ ਹੋਂ .... ਕਿਸੇ ਨੇ ਵੀ ਕਾਪੀ ਪੈੱਨ ਚੱਕ ਕੇ ਨਹੀਂ ਲਿਖਿਆ .. । ਤੁਹਾਡੇ ਹੱਥ ਵਿੱਚ ਮੋਬਾਈਲ ਸੀ ਤਾਂ ਹੀ ਤੁਸੀਂ ਲਿਖਿਆ । ਯਾਨੀ ਕਿ ਮੋਬਾਈਲ ਦੀ ਬੁਰਾਈ ਕਰਨ ਲਈ ਵੀ ਤੁਹਾਨੂੰ ਮੋਬਾਈਲ ਦੀ ਜਰੂਰਤ ਪੈਂਦੀ ਹੈ ।

This is the Impact of this Technology . ਤੁਸੀਂ ਇਸ ਟੈਕਨਾਲੋਜੀ ਬਾਰੇ ਜਾਣਦੇ ਹੋਂ ... ਤੁਸੀਂ ਇਸਦੀ ਬੁਰਾਈ ਕਰਨੀ ਚਾਹੁੰਦੇ ਹੋਂ ... ਪਰ ਬੁਰਾਈ ਕਰਨ ਲਈ ਵੀ ਤੁਹਾਨੂੰ ਇਸ ਟੈਕਨਾਲੌਜੀ ਦੀ ਲੋੜ ਪਵੇਗੀ ... ।

ਤੁਸੀਂ ਕਹਿੰਦੇ ਹੋਂ ਕਿ ਇਸ ਵਿੱਚ ਲੱਖ ਬੁਰਾਈਆਂ ਨੇ , ਇਹ ਬਹੁਤ ਖ਼ਤਰਨਾਕ ਚੀਜ ਹੈ । ਪਰ ਕੀ ਤੁਹਾਡੇ ਚੋਂ ਕਿਸੇ ਨੇ ਵੀ ਇਹ ਕਿਹਾ

ਕਿ ਮੈਂ ਅੱਜ ਤੋਂ ਫੋਨ ਦਾ ਤਿਆਗ ਕਰਦਾ ਹਾਂ ? ਮੈ ਸਾਰੀ ਜ਼ਿੰਦਗੀ ਫੋਨ ਨਹੀਂ ਵਰਤਾਂਗਾ ... । ਕਹਿ ਸਕਦਾ ਕੋਈ ? ਨਾ ... ਤੁਸੀਂ ਚਾਹ ਕੇ ਵੀ ਫੋਨ ਨਹੀਂ ਛੱਡ ਸਕਦੇ ।

ਪਰ ਇਹ ਤਾਂ ਬੁਰੀ ਚੀਜ ਹੈ ਨਾ .... ਤੇ ਬੁਰੀਆਂ ਚੀਜਾਂ ਨੂੰ ਛੱਡੀਦਾ ਹੀ ਹੁੰਦਾ । ਹੁਣ ਸ਼ਰਾਬ ਬੁਰੀ ਚੀਜ ਹੈ ਤਾਂ ਹੀ ਛੱਡ ਦੇ ਆ ਲੋਕ , ਨਸ਼ਾ ਬੁਰੀ ਚੀਜ ਹੈ ਆਪਾਂ ਛੱਡ ਦਿੰਦੇ ਹਾਂ । ਜੂਆ , ਬਲੈਕ , ਸੱਟਾ , ਸਕੈਮ , ਚੋਰੀ .... ਇਹ ਸਭ ਬੁਰੀਆਂ ਚੀਜਾਂ ਨੇ ਤੇ ਆਪਾਂ ਛੱਡ ਵੀ ਦਿੰਨੇ ਆ । ਜੇ ਇਹ ਸਭ ਛੱਡ ਦਿੰਦੇ ਹਾਂ ਤਾਂ ਫੋਨ ਕਿਉਂ ਨਹੀਂ ਛੱਡ ਸਕਦੇ ?

ਹੁਣ ਤੁਸੀ ਕਹੋਂਗੇ ਕਿ ਯਾਰ ਮੋਬਾਇਲ ਦੀ ਜਰੂਰਤ ਹੈ , ਇਹ ਕੰਮ ਦੀ ਚੀਜ ਹੈ ਤਾਂ ਨਹੀਂ ਛੱਡ ਸਕਦੇ , ਇਹ ਮਜਬੂਰੀ ਚ ਵਰਤਦੇ ਹਾਂ । ਪਰ ਦੂਜੀਆਂ ਬੁਰਾਈਆਂ ਵੱਲ ਵੀ ਲੋਕ ਜਰੂਰਤ ਪੈਣ ਤੇ ਹੀ ਜਾਂਦੇ ਨੇ .... ।

ਕੋਈ ਸ਼ੌਂਕ ਨੂੰ ਚੋਰੀ ਨਹੀਂ ਕਰਦਾ ... ਚੋਰੀ ਬੰਦਾ ਓਦੋਂ ਕਰਦਾ ਜਦੋਂ ਉਹਦੇ ਕੋਲ ਹੋਰ ਕੋਈ ਰਾਹ ਨਹੀਂ ਹੁੰਦਾ , ਯਾਨੀ ਕਿ ਉਸ ਵਕਤ ਚੋਰੀ ਹੀ ਉਸ ਦੀ ਜਰੂਰਤ ਬਣ ਜਾਂਦੀ ਹੈ , ਉਹ ਮਜਬੂਰੀ ਵਿੱਚ ਚੋਰੀ ਕਰਦਾ । ਸ਼ਰਾਬ ਲੋਕ ਇਸ ਲਈ ਪੀਂਦੇ ਨੇ ਕਿਉਂਕਿ ਉਹ ਲੋਕਾਂ ਦੀ ਜਰੂਰਤ ਬਣ ਜਾਂਦੀ ਆ ।

ਤੇ ਨਾਲੇ ਜੇ ਮੋਬਾਇਲ ਕੰਮ ਦੀ ਚੀਜ ਆ ਤਾਂ ਬੁਰੀ ਕਿਵੇਂ ਹੋ ਗਈ ? ਇੱਕ ਗੱਲ ਹੋਰ ... ਤੁਸੀਂ ਫੋਨ ਮਜਬੂਰੀ ਵਿੱਚ ਨਹੀਂ ਵਰਤਦੇ । ਇਹ ਝੂਠ ਆ ਕਿ ਅਸੀਂ ਫੋਨ ਮਜਬੂਰੀ ਚ ਵਰਤਦੇ ਹਾਂ । ਚਲੋ ਦੱਸੋ ਵੀ

ਦਿਨ ਵਿੱਚ ਕਿੰਨੇ ਵਾਰ ਕਿਸੇ ਕੰਮ ਲਈ ਫੋਨ ਕਰਦੇ ਹੋਂ ਤੁਸੀਂ ? ਬਸ ਦੋ ਤਿੰਨ ਵਾਰ .... ਪਰ ਬਾਕੀ ਦੇ ਅੱਠ ਘੰਟੇ ਕਿਹੜੀ ਮਜਬੂਰੀ ਹੁੰਦੀ ਆ ਤੁਹਾਡੀ ? ਰਾਤ ਨੂੰ ਗਿਆਰਾਂ ਵਜੇ ਕਿਹੜੀ ਮਜਬੂਰੀ ਹੁੰਦੀ ਆ ? ਤੁਸੀਂ ਕਹਿ ਸਾਰੇ ਰਹੇ ਹੋਂ ਕਿ ਇਹ ਬਹੁਤ ਬੁਰੀ ਚੀਜ ਹੈ ਪਰ ਕੋਈ ਮਾਈ ਦਾ ਲਾਲ ਇਹ ਨਹੀਂ ਕਹਿੰਦਾ ਕਿ ਮੈਂ ਇਸ ਬੁਰਾਈ ਦਾ ਤਿਆਗ ਕਰ ਰਿਹਾਂ । ਕਿਉਂ ? ਕਿਉਂਕਿ ਤੁਸੀਂ ਜਾਣਦੇ ਹੋਂ ਕਿ ਬੁਰਾਈ ਫੋਨ ਵਿੱਚ ਨਹੀਂ ਬਲਕਿ ਤੁਹਾਡੇ ਵਿੱਚ ਹੈ । ਇਹ ਮੋਬਾਇਲ ਤਾਂ ਸਿਰਫ਼ ਇੱਕ ਔਜਾਰ ਹੈ ... ਔਜਾਰ ਨੂੰ ਵਰਤਣ ਵਾਲੇ ਹੱਥ ਤਹਿ ਕਰਦੇ ਨੇ ਉਸ ਔਜਾਰ ਦਾ ਮਕਸਦ ।

ਮੰਨ ਲਓ ਤੁਹਾਡੇ ਹੱਥ ਵਿੱਚ ਇੱਕ ਪੈਨਸਿਲ ਹੈ । ਹੁਣ ਤੁਸੀਂ ਚਾਹੋਂ ਤਾਂ ਉਹਦੇ ਨਾਲ ਇੱਕ ਖੂਬਸੂਰਤ ਕਵਿਤਾ ਵੀ ਲਿਖ ਸਕਦੇ ਹੋਂ ... ਜਾਂ ਫਿਰ ਉਸੇ ਪੈਨਸਿਲ ਨਾਲ ਕਿਸੇ ਦੀ ਅੱਖ ਵੀ ਕੱਢ ਸਕਦੇ ਹੋਂ । ਹੈਗੀ ਤਾਂ ਉਹ ਇੱਕ ਪੈਨਸਿਲ ਹੀ ।

**ਕਰੇਜ਼ੀ ਰਾਇਟਰ**

**ਇੰਸਟਾਗ੍ਰਾਮ: ROOH_AFZA07**

# ਕਵਿਤਾਵਾਂ

# ਹੱਸਦੇ ਚੰਗੇ ਲੱਗਦੇ ਨੇ

ਤੁਰਿਆ ਫਿਰਦਾ ਹਰ ਕੋਈ ਆਪਣੇ ਧੰਦੇ ਵਿੱਚ
ਫ਼ੁਰਸਤ ਹੀ ਨਹੀਂ ਗੱਲ ਕਰਨ ਦੀ ਬੰਦੇ ਵਿੱਚ

ਇੱਥੇ ਅੱਖ ਟਿਕਾਈ ਬੈਠੇ ਨੇ ਸਭ ਜੇਬਾਂ ਤੇ
ਕੁਤਰ ਦਿਆਂਗੇ ਜਦ ਵੀ ਆਇਆ ਦੰਦੇ ਵਿੱਚ

ਹੌਲ਼ੀ ਬੋਲ ਯਾਰ ਕੰਧਾਂ ਦੇ ਵੀ ਕੰਨ ਹੁੰਦੇ
ਕਾਫ਼ੀ ਵਾਧਾ ਇਸ ਵਾਰ ਸੰਗਤ ਦੇ ਚੰਦੇ ਵਿੱਚ

ਇੱਥੇ ਭੋਲ਼ੇ ਚਿਹਰੇ ਹੱਸਦੇ ਚੰਗੇ ਲੱਗਦੇ ਨੇ
ਇਹ ਮਿੱਠਾ ਜ਼ਹਿਰ ਮਿਲਾਉਂਦੇ ਚੋਰੀ ਧੰਦੇ ਵਿੱਚ

ਯਾਦ ਤੇਰੀ ਦੀ ਜ਼ਹਿਰ ਉਦਾਸੀ ਪੀ ਲੈਨਾ
ਇਹ ਦਿਲ ਜਦ ਵੀ ਆਵੇ ਗਮ ਦੇ ਰੰਦੇ ਵਿੱਚ

" ਚੰਨੀ " ਵਰਗੇ ਪੰਛੀ ਕੈਦ ਨਾ ਰਹਿਣ ਵਾਲੇ
ਉੱਚੀਆ ਸੋਚਾਂ ਕਦ ਆਈਆਂ ਨੇ ਫੰਦੇ ਵਿੱਚ


**ਜੀ " ਚੰਨੀ " ਪਠਲਾਵਾ**

**ਮੋਬਾਇਲ ਨੰਬਰ : 79019-61352**

# ਰੋਗ ਅਵੱਲਾ ਲਾਇਆ ਹੈ

ਪਿਆਰ ਤੇਰੇ ਨਾਲ ਪਾ ਕੇ ਕੀ ਖੱਟਿਆ ਤੇ ਕੀ ਗਵਾਇਆ ਹੈ
ਅਜੇ ਤੱਕ ਵੀ ਇਹ ਮੈਨੂੰ ਸਮਝ ਨਾ ਆਇਆ ਹੈ

ਅੱਜ ਦੇ ਵਿਛੜੇ ਫੇਰ ਕਦੋਂ ਭਲਾ ਮਿਲਣਾ ਹੈ
ਸੱਜਣਾ ਨੂੰ ਇਹ ਗੱਲ ਪੁੱਛਕੇ ਫੇਰ ਦਿਲ ਭਰ ਆਇਆ ਹੈ

ਰੋਂਦਿਆਂ ਵਾਟਾਂ ਨਾ ਮੁੱਕਣ ਪਰ ਇਹ ਦਿਲ ਰੋਂਦਾ ਹੈ
ਇਹ ਗੱਲ ਦਿਲ ਨਾ ਸਮਝੇ ਮੈਂ ਲੱਖ ਵਾਰੀ ਸਮਝਾਇਆ ਹੈ

ਲੋਕੀ ਕਹਿੰਦੇ ਤੂੰ ਸੰਭਲ ਸੰਭਲ ਕੇ ਤੁਰਿਆ ਕਰ
ਪਰ ਦਿਲ ਝੱਲਾ ਨਾ ਸਮਝੇ ਮੈਂ ਬਹੁਤ ਵਾਰ ਸਮਝਾਇਆ ਹੈ

ਮੇਰੀ ਤੰਦਰੁਸਤੀ ਦੀਆਂ ਅਰਦਾਸਾਂ ਹੁਣ ਰਹਿਣ ਦਿਓ
ਅਸੀਂ ਤਾਂ ਦਿਲ ਨੂੰ ਰੋਗ ਅਵੱਲਾ ਹੀ ਹੁਣ ਲਾਇਆ ਹੈ

ਹੁਣ ਮਾਰੂਥਲ ਨੂੰ ਦੋਸ਼ ਭਲਾ ਦੇਣ ਦਾ ਕੀ ਫਾਇਦਾ
ਜਦੋ ਸਾਗਰ ਦੇ ਕੰਢੇ ਬੈਠਾ " ਚੰਨੀ " ਤਾਂ ਤੇਰਾ ਤਿਹਾਇਆ ਹੈ


**ਜੀ " ਚੰਨੀ " ਪਠਲਾਵਾ**

**ਮੋਬਾਇਲ ਨੰਬਰ : 79019-61352**

# ਸਾਂਝ

ਸਾਂਝ ਦਿਲਾਂ ਵਿੱਚ ਹੋਈ ਗੂੜ੍ਹੇ ਚਾਵਾਂ ਦੀ
ਕਿਉਂ ਮੇਰੀ ਪੈੜ ਬਣੀ ਨਾ ਉਹਦੇ ਰਾਵਾਂ ਦੀ

ਫੁੱਲਾਂ ਜਿਹਾ ਮਲੂਕ ਤਪਸ਼ ਨਹੀਂ ਸਹਿ ਸਕਦਾ
ਉਹਦੀ ਇੱਕ ਮਹਿਕ ਨਾ ਹੋਈ ਮੇਰੇ ਸਾਵਾਂ ਦੀ

ਕਦੇ ਧੁੱਪਾਂ ਨੇ ਆਰਾਮ ਨਾ ਕੀਤਾ ਰੁੱਖਾਂ ਹੇਠ
ਕਦੇ ਜਿੰਦ ਮਾਣਦੀ ਸੇਕ ਹਿਜ਼ਰ ਦੀਆਂ ਛਾਂਵਾਂ ਦੀ

ਜਿਸ ਦੁਨੀਆ ਤੇ ਦਿਲ ਉਹਦੇ ਦਾ ਘਰ ਹੈ
ਉਸ ਦੁਨੀਆ ਤੇ ਪਹੁੰਚ ਨਹੀਂ ਮੇਰੀਆਂ ਥਾਂਵਾਂ ਦੀ

ਸ਼ਬਦਾਂ ਵਿੱਚ ਬੋਲ ਕੇ ਦੱਸੀ ਜਾਂਦੀ ਨਹੀਂ
ਬੇਕਰਾਰੀ , ਇਸ਼ਕ ਚ ਵੱਜੀਆਂ ਧਾਹਾਂ ਦੀ

**ੴ❁❁ ਕਮਲ ਲਧਾਣਾ ❁❁ੴ**

**ਇੰਸਟਾਗ੍ਰਾਮ : RALHKAMALJIT**

# ਫੁੱਲਾਂ ਦੀ ਤਰੇਲ

ਫੁੱਲਾਂ ਦੀ ਤਰੇਲ਼ ਵਾਂਗ , ਮਹਿਕਦੀ ਸੀ ਜ਼ਿੰਦਗੀ
ਚੰਚਲਤਾ , ਨਖ਼ਰੇ ਉਹ ਮਜਾਜ਼ , ਕਿੱਧਰ ਗਏ
ਚੱਲਦੇ ਸੀ ਬੇਖ਼ੌਫ , ਘੁੰਮਦੇ ਸੀ, ਦਰ -ਬ -ਦਰ
ਬਚਪਨ ਦੀ ਅਮੀਰੀ ਦੇ ਉਹ ਜਹਾਜ਼ , ਕਿੱਧਰ ਗਏ

ਅੰਬਰਾਂ ਚ ਉੱਡਦੇ ਸੀ ਜੋ , ਭਰ ਭਰ ਉਡਾਰੀਆਂ
ਗਿਰਝਾਂ , ਇੱਲਾਂ ਤੇ ਉਹ ਬਾਜ਼ , ਕਿੱਧਰ ਗਏ
ਢਲਦੀ ਉਮਰ ਪਈਆਂ , ਚਿਹਰੇ ਤੇ ਝੁਰੜੀਆਂ
ਸਿਰ ਉੱਤੇ ਸਜੇ ਸੀ ਉਹ ਤਾਜ਼ , ਕਿੱਧਰ ਗਏ।

ਦਿਲ 'ਚ ਚੁਭੋ ਕੇ ਖ਼ੰਜਰ , ਆਪਣੀ ਯਾਦ ਦਾ
ਰਮਜ਼ਾਂ ਨੂੰ ਸਮਝਣ ਵਾਲੇ ,ਉਹ ਹਮਰਾਜ ਕਿੱਧਰ ਗਏ
ਦਿੰਦੇ ਸੀ ਦਿਲ ਤੇ ਰੂਹ ਨੂੰ ਸਕੂਨ ਜੋ
ਢੱਡ , ਸਾਰੰਗੀ ,ਅਲਗੋਜ਼ੇ ਉਹ ਸਾਜ਼ , ਕਿੱਧਰ ਗਏ

ਮੋਹ ਦੀਆਂ ਤੰਦਾਂ ਅੱਜਕਲ੍ਹ ,ਜਾਂਦੀਆਂ ਨੇ ਟੁੱਟਦੀਆਂ
ਮੁਹੱਬਤ ਭਰੇ ਰਿਸ਼ਤੇ ਹੁਣ ਉਹ " ਰਾਜ " ਕਿੱਧਰ ਗਏ
ਦਿਖਾਵੇ ਦੇ ਰਹਿ ਗਏ ਦੁਨੀਆ ਵਿਚਲੇ ਰਿਸ਼ਤੇ ਜਿੰਦੇ
ਆਪਣੇਪਣ ਵਿੱਚ ਲਿਪਟੇ ਉਹ ਅਲਫ਼ਾਜ਼ ਕਿੱਧਰ ਗਏ

**ਰਜਿੰਦਰ ਕੌਰ ਆਰ. ਕੇ**

**ਇੰਸਟਾਗ੍ਰਾਮ : JAZBAAT_MERI_KALAM_TON**

# ਬੀਤੇ ਸਾਲ

ਕੋਈ ਫਰਕ ਨਾ ਪਿਆ, ਹੁਣ ਤੇ ਬੀਤੇ ਸਾਲ ਦੇ ਵਿੱਚ
ਦੁੱਖ ਦਰਦ ਨਾ ਬਦਲੇ , ਚੰਗੇ ਹਾਲ ਦੇ ਵਿੱਚ

ਦਿਸਦੇ ਸੀ ਚਿਹਰੇ ,ਜਿਹੜੇ ਚੱਲਦੇ ਨਾਲ ਮੇਰੇ
ਧੁੰਦਲਾਪਣ ਜਿਹਾ ਰਹਿ ਗਿਆ , ਹੁਣ ਤਾਂ ਖਿਆਲ ਦੇ ਵਿੱਚ

ਚਿਹਰੇ ਤੇ ਗਮ ਦੀ , ਉਦਾਸੀ ਛਾਈ ਹੈ
ਮੜਕ ਰਹੀ ਨਾ ਕੋਈ , ਹੁਣ ਤਾਂ ਚਾਲ ਦੇ ਵਿੱਚ

ਘੁੰਮਣਘੇਰੀਆਂ ਫਿਰ , ਵਾ ਵਰੋਲਾ ਬਣ ਜਾਂਦੀਆਂ
ਫਸ ਜਾਂਦੀ ਮੱਛੀ , ਜਦ ਕਿਸੇ ਜਾਲ ਦੇ ਵਿਚ

ਕੈਲੰਡਰਾਂ ਦੇ ਹੀ ਰੰਗ ਬਦਲੇ , ਕਿਉਂ ਹਰ ਵਾਰੀ
ਗੁਜ਼ਰ ਗਈ ਜਿੰਦਗੀ ਇਸੇ ਸਵਾਲ ਦੇ ਵਿੱਚ

ਗ਼ਮਾਂ ਨੂੰ ਹੱਸ ਕੇ ਹੀ ਤੂੰ ਸਹਿ ਲਈ ਰਜਿੰਦਰ
ਭਟਕਦੀ ਰਹੀ ਨਾ ਐਵੇਂ ,ਖੁਸ਼ੀ ਦੀ ਭਾਲ ਵਿੱਚ

**❀❀ ਰਜਿੰਦਰ ਕੌਰ ਆਰ. ਕੇ ❀❀**

**ਇੰਸਟਾਗ੍ਰਾਮ : JAZBAAT_MERI_KALAM_TON**

# ਸੱਚ ਦੀ ਗੱਲ

ਇਮਾਨਦਾਰੀ ਤੇ ਸੱਚ ਦੀ ਗੱਲ
ਲੱਗਦੀ ਹੈ ਜਿਵੇਂ ਫੱਕ ਦੀ ਗੱਲ

ਮੁਰਦੇ ਦਾ ਜੋ ਕਫ਼ਨ ਖਾ ਗਿਆ
ਉਹ ਕਰਦਾ ਏ ਹੱਕ ਦੀ ਗੱਲ

ਆਪਣਾ, ਆਪਣੇ ਨੂੰ ਦੇਖ ਨਾ ਜਰਦਾ
ਹੈ ਇਸ ਵਿਚ ਕੋਈ ਸ਼ੱਕ ਦੀ ਗੱਲ

ਰੱਬਾ ਜੇ ਤੂੰ ਵੀ ਸਾਥ ਨਹੀਂ ਦੇਣਾ ਮੇਰਾ
ਕੌਣ ਕਰੇਗਾ ਮੇਰੇ ਪੱਖ ਦੀ ਗੱਲ

**ਰਵੀ ਕੁਮਾਰ**

**ਇੰਸਟਾਗ੍ਰਾਮ : _AAMADD**

# ਰੂਹ ਦਾ ਹਾਣੀ

ਕੈਸਾ ਨਸ਼ਾ ਮੁਹੱਬਤ ਦਾ ਚੱਖ ਬੈਠਾ
ਪੀੜ੍ਹਾਂ ਦਾ ਹੀ ਨਾਂ ਜ਼ਿੰਦਗੀ ਰੱਖ ਬੈਠਾ

ਪਿਆਰ ਕੀਤਾ ਸੀ ਜਾਂ ਗੁਨਾਹ ਕੀਤਾ
ਸੁਣ ਤਾਹਨੇ ਲੋਕਾਂ ਦੇ ਅੱਕ ਬੈਠਾ

ਕਦੇ ਮਿਲ ਕੇ ਹੋਈਆਂ ਸੀ ਚਾਰ ਅੱਖਾਂ
ਅੱਜ ਹੰਝੂ ਅੱਖਾਂ ਵਿੱਚ ਡੱਕ ਬੈਠਾ

ਉਹ ਨਹੀਂ ਦਿਸਦਾ ਰੂਹ ਦਾ ਹਾਣੀ
ਉਂਝ ਚਿਹਰੇ ਦੁਨੀਆ ਤੇ ਲੱਖ ਵੇਖਾਂ


**ਰਵੀ ਕੁਮਾਰ**

**ਇੰਸਟਾਗ੍ਰਾਮ : _AAMADD**

# ਰੱਬ

ਕਿਸੇ ਨੂੰ ਡਰਨ ਲਈ ਨਹੀਂ ਕਹਿੰਦਾ ਏ ਰੱਬ
ਜਿੱਥੇ ਲੱਭਦੇ ਆ ਓਥੇ ਨਹੀਂ ਰਹਿੰਦਾ ਏ ਰੱਬ
ਲੱਗੇ ਮੰਦਿਰ, ਮਸੀਤਾਂ ਦੇ ਵਿੱਚ ਰਹਿੰਦਾ ਏ
ਨਾਸਮਝੋ,ਅੰਦਰ ਬੰਦੇ ਦੇ ਰਹਿੰਦਾ ਏ ਰੱਬ

ਜਦ ਸਾਰੀ ਦੁਨੀਆ ਉਸਨੇ ਆਪ ਬਣਾਈ
ਕਿਉਂ ਗਰੀਬਾਂ ਕੋਲ ਨਹੀਂ ਬਹਿੰਦਾ ਏ ਰੱਬ
ਲੱਗੇ ਰੱਬ ਵੀ ਦੁਨੀਆ ਵਰਗਾ ਹੋਇਆ
ਹਰ ਗੱਲ ਤੇ ਚੁੱਪ ਚੁੱਪ ਰਹਿੰਦਾ ਏ ਰੱਬ

ਰੱਬ ਦਾ ਜਿੰਨਾ ਨੇ ਵਪਾਰ ਬਣਾਇਆ
ਕਿਉਂ ਨਈ ਓਹਨਾਂ ਨੂੰ ਵਹਿੰਦਾ ਏ ਰੱਬ
ਨੱਕ ਰਗੜ ਰਗੜ ਜੋ ਮੰਗਦੀਆਂ ਮਾਂਵਾਂ
ਪੁੱਤਰ ਉਨ੍ਹਾਂ ਦੇ ਕਿਉਂ ਖੋਹ ਲੈਂਦਾ ਏ ਰੱਬ

ਧਰਮਾਂ ਦੇ ਜਦ ਝਗੜੇ ਹੁੰਦੇ
ਸਭ ਤੋਂ ਪਹਿਲਾਂ ਢਹਿੰਦਾ ਏ ਰੱਬ
ਸਾਫ਼ ਨੀਅਤ ਤੇ ਭਾਣਾ ਜੋ ਮੰਨਣ
ਸਾਰ ਓਹਨਾਂ ਦੀ ਲੈਂਦਾ ਏ ਰੱਬ

**ਰਵੀ ਕੁਮਾਰ**

**ਇੰਸਟਾਗ੍ਰਾਮ : _AAMADD**

# ਸ਼ਾਇਰ

ਖਿਆਲ ਨੀਂਦਰ ਆਉਣ ਨਹੀਂ ਦਿੰਦੇ
ਇਹ ਨਹੀਂ ਰੁਕਦੇ ਜਾਮ ਪਿਲਾਏ ਬਿਨਾ

ਖ਼ੁਦਗਰਜ਼ ਇਹ ਦੁਨੀਆ ਹੋ ਗਈ
ਕੌਣ ਕਿਸੇ ਆਉਂਦਾ,ਕਿਸੇ ਦੇ ਜਾਏ ਬਿਨਾ

ਰੱਬਾ ਤੇਰੇ ਹੁਕਮ ਬਿਨਾ ਜੇ ਪੱਤਾ ਨਹੀਂ ਹਿੱਲਦਾ
ਕਿਉਂ ਸਿਖਰਾਂ ਤੇ ਬੈਠੇ ਚੋਰ, ਪੱਤੇ ਹਿਲਾਏ ਬਿਨਾ

ਦੁਨੀਆ ਭਾਵੇਂ ਮੁੱਕ ਜਾਏ ਸਾਰੀ
ਰੱਬਾ ਤੈਨੂੰ ਨਹੀਂ ਚੈਨ ਮੈਨੂੰ ਸਤਾਏ ਬਿਨਾ

ਕੋਸ਼ਿਸ਼ ਜਾਰੀ ਏ ਚੰਗਾ ਸ਼ਾਇਰ ਬਣਨ ਦੀ
ਪਰ ਮੁਸ਼ਕਿਲ ਗਿਆ ਲੋਕਾਂ ਦੇ ਬਣਾਏ ਬਿਨਾ


ꕤ **ਰਵੀ ਕੁਮਾਰ** ꕤ

**ਇੰਸਟਾਗ੍ਰਾਮ : _AAMADD**

# ਕਿਤਾਬਾਂ

ਕਿਤਾਬਾਂ ਸਾਥ ਨਿਭਾਉਂਦੀਆਂ ਹਨ
ਮੈਂ ਪੁੱਛਿਆ ਸਾਥ ਕਿਵੇਂ.....?
ਸਾਥ ਹੀ ਨਿਭਾਉਂਦੀਆਂ ਨੇ.....
ਇਨਸਾਨ ਦੀ......
ਉਦਾਸੀ ਨਾਲ,
ਇਕੱਲੇਪਣ ਨਾਲ,
ਬੇਵੱਸੀ ਨਾਲ,
ਤਨਹਾਈ ਨਾਲ,
ਤੇ ਫਿਰ ਮੈਂ ਕਦੇ ਵੀ ਇਕੱਲਾਪਣ, ਤਨਹਾਈ, ਉਦਾਸੀ ਨੂੰ ਮਹਿਸੂਸ
ਨਹੀਂ ਕੀਤਾ


**ਕੁਲਵਿੰਦਰ ਕੌਰ**

**ਇੰਸਟਾਗ੍ਰਾਮ : Kulwinder1012kaur**

# ਬਰਬਾਦ

ਪੜ੍ਹਿਆ ਸੀ ਮੇਰੀਆਂ ਅੱਖਾਂ ਨੇ
ਉਸਦੀ ਬੇਵੱਸੀ ਨੂੰ....
ਉਸਨੂੰ ਸਾਥ ਦੀ ਲੋੜ ਸੀ,
ਮੈਂ ਸਾਥ ਦਿੱਤਾ ਆਪ ਆਪਣੀ ਜ਼ਿੰਦਗੀ ਬਰਬਾਦ ਕਰਕੇ,
ਇਹ ਸੱਚਾਈ ਦੇ ਤਿੰਨ ਗਵਾਹ ਨੇ....
ਇੱਕ ਰੱਬ, ਇੱਕ ਮੈਂ ਅਤੇ ਇੱਕ ਉਹ

**ਕੁਲਵਿੰਦਰ ਕੌਰ**

**ਇੰਸਟਾਗ੍ਰਾਮ : KULWINDER1012KAUR**

# ਗੁੰਮਨਾਮ

ਸੋਚਿਆ ਪਿਆਰ ਵਿੱਚ ਮਸ਼ਹੂਰ ਹੋਵਾਂਗਾ
ਉਸਨੇ ਤਾਂ ਸਭ ਦੇ ਸਾਹਮਣੇ ਬਦਨਾਮ ਕੀਤਾ
ਲੱਗਦਾ ਹੁਣ ਮੈਂ ਗੁੰਮਨਾਮ ਹੋਵਾਂਗਾ

ਬੇਜਾਨ ਜਿਹਾ ਕਰਕੇ ਛੱਡ ਦਿੱਤਾ ਓਹਨੇ,
ਇੱਕ ਫੁੱਲ ਨੂੰ....
ਮੇਰਾ ਦਿਲ ਪੁੱਛਦਾ ਹੈ ਰੱਬ ਤੋਂ
ਉਸਨੂੰ ਕਦੇ ਮੇਰਾ ਦਰਦ ਮਹਿਸੂਸ ਹੋਵੇਗਾ?

ਜ਼ਿੰਦਗੀ ਕਰ ਦਿੱਤੀ ਉਹਦੇ ਹਿਜ਼ਰ ਦੇ ਨਾਮ,...
ਹਰ ਸਾਹ ਤੇ ਹੈ ਨਾਮ ਉਹਦਾ
ਸਾਡੇ ਕਫ਼ਨ ਤੇ ਵੀ....
ਸਾਡੇ ਕਾਤਿਲ ਦਾ ਨਾਮ
"ਸਤਨਾਮ" ਹੋਵੇਗਾ


꧁❀❀ **ਕੁਲਵਿੰਦਰ ਕੌਰ** ❀❀꧂

**ਇੰਸਟਾਗ੍ਰਾਮ : Kulwinder1012kaur**

# ਸਿਫ਼ਤ

ਕੀ ਆਖਾਂ ਮੈਂ ਤੇਰੇ ਕਿਆ ਨੀ ਕਹਿਣੇ ਨੇ
ਕੰਨਾਂ ਦੇ ਵਿੱਚ ਤਾਰਿਆਂ ਵਾਲੇ ਗਹਿਣੇ ਨੇ

ਮੱਥੇ ਉੱਤੇ ਟਿੱਕਾ ਲਾਇਆ ਚੰਦ ਦਾ ਤੂੰ
ਪੈਰਾਂ ਤੇਰਿਆਂ ਦੇ ਵਿੱਚ ਨਗ ਕਈ ਪੈਣੇ ਨੇ

ਸ਼ਾਹਕਾਰ ਰਚਨਾ ਐ ਤੂੰ ਉਸ ਰੱਬ ਦੀ ਨੀ
ਵਿੰਚੀ ਜਿਹੇ ਤੇਰੇ ਪੈਰਾਂ ਦੇ ਵਿੱਚ ਬਹਿਣੇ ਨੇ

ਕਿਸੇ ਕੋਲੋਂ ਨਹੀਂ ਹੋਣੀ ਸਿਫ਼ਤ ਬਿਆਨ ਤੇਰੀ
ਸ਼ਾਇਰ ਉਂਝ ਦੁਨੀਆ ਤੇ ਆਉਂਦੇ ਰਹਿਣੇ ਨੇ

ਕੀ ਆਖਾਂ ਮੈਂ ਤੇਰੇ ਕਿਆ ਨੀ ਕਹਿਣੇ ਨੇ
ਕੰਨਾਂ ਦੇ ਵਿੱਚ ਤਾਰਿਆਂ ਵਾਲੇ ਗਹਿਣੇ ਨੇ

ਸ਼ਾਹਕਾਰ ਰਚਨਾ ਐ ਤੂੰ ਉਸ ਰੱਬ ਦੀ ਨੀ
ਵਿੰਚੀ ਜਿਹੇ ਤੇਰੇ ਪੈਰਾਂ ਦੇ ਵਿੱਚ ਬਹਿਣੇ ਨੇ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ : GURIGURPREET498**

# ਡਿਜੀਟਲ ਖੋਤੇ

ਖ਼ਾਲੀ ਨੇ ਦਿਮਾਗ ਤੋਂ ਤੇ ਅਕਲਾਂ ਤੋਂ ਖੋਟਿਆਂ ਦੀ
ਪਹਿਲਾਂ ਗੱਲ ਕਰਦੇ ਆ ਛੋਟੇ ਛੋਟੇ ਖੋਤਿਆਂ ਦੀ

ਕੁੜੀਆਂ ਦੇ ਪਿੱਛੇ ਬੜੀ ਦੂਰ ਤੱਕ ਜਾਂਦੇ ਨੇ
ਭੈਣ ਭੈਣ ਆਖ ਕੇ ਇਹ ਹੂਰ ਤੱਕ ਜਾਂਦੇ ਨੇ

ਮੈਸਜਾਂ ਦੀ ਲਾਉਂਦੇ ਝੜੀ, ਮਾਫ਼ੀਆਂ ਵੀ ਮੰਗਦੇ ਨੇ
ਜੋੜ ਜੋੜ ਹੱਥ ਇਹ ਗਰੂਰ ਤੱਕ ਜਾਂਦੇ ਨੇ

ਪੈਦਲ ਦਿਮਾਗੋਂ ਨੇ ਤੇ ਫੁਕਰੇ ਨੇ ਬਾਹਲੇ ਜੀ
ਦਿੰਦੇ ਨੇ ਡਰਾਵੇ ਸਲਫ਼ਾਸ ਖਾਣ ਵਾਲੇ ਜੀ

ਠਰਕਾਂ ਨਾ' ਭਰੇ ਹੋਏ ਲੋਟਿਆਂ ਦੀ ਕਰਦੇ ਆ
ਆਜੋ ਆਪਾਂ ਗੱਲ ਅੱਜ ਖੋਤਿਆਂ ਦੀ ਕਰਦੇ ਆ

ਇੱਕ ਦੋ ਤੇ ਢੁੱਕਦੀ ਆ ਗੱਲ ਨਹੀਂ ਇਹ ਬਹੁਤਿਆਂ ਦੀ
ਚਲੋ ਗੱਲ ਕਰੀਏ ਗਿਆਨਵਾਨ ਖੋਤਿਆਂ ਦੀ

ਸਾਂਭ ਕੇ ਬੈਠੇ ਨੇ ਰੱਬ ਵਾਲੇ ਸਭ ਅੱਡੇ ਜੀ
ਦਿੰਦੇ ਪ੍ਰਵਚਨ ਇਹ ਧਰਮਾਂ ਤੇ ਵੱਡੇ ਜੀ

ਕਦੇ ਤਸਵੀਰ ਕਦੇ ਨੰਬਰ ਇਹ ਭਾਲਦੇ ਨੇ
ਇਹਨਾਂ ਦੇ ਦਿਮਾਗਾਂ ਚ' ਨੇ  ਠਰਕਾਂ ਦੇ ਖੱਡੇ ਜੀ

ਆਪਣੇ ਇਰਾਦੇ ਇਹ ਮਹਾਨ ਚੱਕੀ ਫਿਰਦੇ ਨੇ
ਫਾਲਤੂ ਦਾ ਦੇਣ ਲਈ ਗਿਆਨ ਚੱਕੀ ਫਿਰਦੇ ਨੇ

ਮਾਰਨ ਟਰਾਈਆਂ ਇਹ ਵੀ ਕਿਹੜਾ ਘੱਟ ਕਿਸੇ ਨਾਲੋਂ
ਕੁੜੀਆਂ ਲਈ ਤਲੀਆਂ ਤੇ ਜਾਨ ਚੱਕੀ ਫਿਰਦੇ ਨੇ

ਕਦੇ ਕਾਜੂ ਕਤਲੀ ਤੇ ਕਦੇ ਮੋਟੋ ਦੱਸਦੇ ਨੇ
ਸੋਹਣੇ ਸੋਹਣੇ ਨਾਮ ਜੀ ਇਹ ਕੁੜੀਆਂ ਦੇ ਰੱਖਦੇ ਨੇ

ਸ਼ਰਮਾਂ ਦੇ ਘਾਟੇ ਨੇ ਜ਼ਮੀਰ ਵੇਚ ਛੱਡੇ ਇਹਨਾਂ
ਥੁੱਕ ਥੁੱਕ ਕੇ ਇਹ ਬੜੇ ਸ਼ੌਂਕ ਨਾਲ ਚੱਟਦੇ ਨੇ

ਬਹੁਤੇ ਹੀ ਗਿਆਨੀ ਦੁੱਧ ਧੋਤਿਆਂ ਦੀ ਕਰਦੇ ਆ
ਆਜੋ ਆਪਾਂ ਗੱਲ ਅੱਜ ਖੋਤਿਆਂ ਦੀ ਕਰਦੇ ਆ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ : GURIGURPREET498**

# ਮੋਹ

ਤੈਨੂੰ ਪਤੈ !
ਜਿਵੇਂ ਸਿਆਲਾਂ ਚ ਲੋਕੀ ਉਹ ਨਿੱਘੀ ਜਿਹੀ ਧੁੱਪ ਨੂੰ ਉਡੀਕਦੇ ਆ
ਜਮਾਂ ਓਵੇਂ ਈ ਤੇਰਾ ਰਾਹ ਤੱਕਨੀ ਰਹਿਨੀ ਆ ਮੈਂ
ਹਾਂ ਸਹੀ ਸੁਣਿਆ ਤੂੰ
ਅਕਸਰ ਈ ਕਹਿਨੀ ਆ ਬਿਨ ਤੇਰੇ ਸੱਖਣੀ ਮੈਂ
ਯਾਰ...ਤੂੰ ਕੁਦਰਤ ਚ ਘੁਲੀ ਕਿਸੇ ਸੁਗੰਧ ਜਿਹਾ ਏ
ਬਿਲਕੁਲ ਸਾਫ਼ ਮੇਰੀ ਮਾਂ ਦੀ ਹੱਥੀਂ ਕੱਢੀ ਬੂਟੀਆਂ ਵਾਲੀ ਉਹ ਸੋਹਲ ਜਿਹੀ ਚਾਦਰ ਵਾਂਗੂੰ
ਕਿੰਨੀਆਂ ਹੀ ਗੱਲਾਂ ਅਚੇਤ ਜਿਹੇ ਮਨ ਨਾਲ ਈ ਤੂੰ ਹਾਸੇ ਚ ਆਖ ਦਵੇਂ
ਇੰਝ ਲੱਗੇ ਜਿਉਂ ਲੜਦੇ ਲੜਦੇ ਕੋਈ ਘੁੱਟ ਕੇ ਗੱਲਵਕੜੀ ਪਾਕੇ ਮਨਾ ਲਵੇ
ਰੋਂਦੇ ਰੋਂਦੇ ਬੱਚੇ ਨੂੰ ਕੋਈ ਬੁੱਕਲ ਚ ਲੈਕੇ ਓਹਦਾ ਮਨ ਪਰਚਾ ਦਵੇ ਹਨਾ
ਤੇਰੀ ਸੁਹਬਤ ਵਿੱਚ ਮੈਂ ਖੁਦ ਨੂੰ ਮਾਣਦੀ ਆ
ਇੰਝ ਲੱਗੇ ਜਿਉਂ ਕਈ ਜਨਮਾਂ ਤੋਂ ਤੈਨੂੰ ਜਾਣਦੀ ਆ
ਮੈਨੂੰ ਤਿੜਕੇ ਜਿਹੇ ਕੱਚ ਨੂੰ ਤੂੰ ਸਾਂਭਣਾ ਜਾਣਦਾ ਏ
ਮੁਹੱਬਤ ਤੇ ਰੁਸਵਾਈ ਨੂੰ ਤੂੰ ਮਾਣਦਾ ਏ


ঃ৩❀❀ **ਰਬਾਬਪ੍ਰੀਤ ਕੌਰ** ❀❀৩ঃ

**ਇੰਸਟਾਗ੍ਰਾਮ : RABABPREET7**

# ਤੇਰੀ ਸ਼ਾਇਰੀ

ਜੋ ਵੀ ਲਿਖੇ ਕਮਾਲ ਲਿਖੇ ਤੂੰ
ਹਰ ਗੱਲ ਦਿਲ ਨੂੰ ਛੂਹ ਜਾਂਦੀ ਹੈ
ਤੇਰੀ ਸ਼ਾਇਰੀ ਹਰ ਵਾਰੀ ਹੀ
ਮੇਰੀਆਂ ਫ਼ਿਕਰਾਂ ਲੂਹ ਜਾਂਦੀ ਹੈ

ਇੱਕ ਠਹਿਰਾਵ ਜਿਹਾ ਤੇਰੇ ਵਿੱਚ
ਜਿਵੇਂ ਸ਼ੀਤ ਸਾਗਰ ਕੋਈ ਵੱਗਦਾ
ਜਿੰਨਾ ਵੀ ਮੈਂ ਸਮਝ ਪਾਈ ਹਾਂ
ਤੂੰ ਮੈਨੂੰ ਮੇਰੇ ਜਿਹਾ ਲੱਗਦਾ

ਤੇਰੇ ਹਰਫ਼ਾਂ ਨੂੰ ਪੜ੍ਹ ਪੜ੍ਹ ਕੇ
ਖਿੜ ਹੁਣ ਮੇਰੀ ਰੂਹ ਜਾਂਦੀ ਹੈ
ਜੋ ਵੀ ਲਿਖੇ ਕਮਾਲ ਲਿਖੇ ਤੂੰ
ਹਰ ਗੱਲ ਦਿਲ ਨੂੰ ਛੂਹ ਜਾਂਦੀ ਹੈ


**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ : RABABPREET7**

# ਸ਼ਾਇਰ

ਪਤਾ ਨਹੀਂ ਕੈਸਾ ਸ਼ਾਇਰ ਹਾਂ ਮੈਂ
ਪਤਾ ਨੀ ਕੀ ਕੀ ਲਿਖਦਾ ਹਾਂ ਮੈਂ
ਪਹਿਲਾਂ ਜੀਵਾਂ ਪਲ ਜ਼ਿੰਦਗੀ ਦੇ
ਫਿਰ ਸੋਚਾਂ ਤੇ ਲਿਖਦਾ ਹਾਂ ਮੈਂ

ਆਬ ਜਿਹੇ ਜੋ ਲਫ਼ਜ਼ ਇਹ ਮੇਰੇ
ਕਦੇ ਕਦਾਈਂ ਅੱਗ ਬਣ ਜਾਂਦੇ
ਕਦੇ ਕਦੇ ਇੱਕੋ ਜਿਹੇ ਲੱਗਦੇ
ਸਭ ਤੋਂ ਕਦੇ ਅਲੱਗ ਬਣ ਜਾਂਦੇ

ਪਲਕਾਂ ਤੇ ਹੰਝੂਆਂ ਦੇ ਵਾਂਗਰ
ਪਲ ਦੋ ਪਲ ਲਈ ਟਿਕਦਾ ਹਾਂ ਮੈਂ
ਪਤਾ ਨਹੀਂ ਕੈਸਾ ਸ਼ਾਇਰ ਹਾਂ ਮੈਂ
ਪਤਾ ਨੀ ਕੀ ਕੀ ਲਿਖਦਾ ਹਾਂ ਮੈਂ
ਪਹਿਲਾਂ ਜੀਵਾਂ ਪਲ ਜ਼ਿੰਦਗੀ ਦੇ
ਫਿਰ ਸੋਚਾਂ ਤੇ ਲਿਖਦਾ ਹਾਂ ਮੈਂ


**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ : RABABPREET7**

# ਬੇਫ਼ਿਕਰ ਰਹੀਂ

"ਡਿਗਰੀ ਦੇ ਪਹਿਲੇ ਸਾਲ ਚ ਕੀਤਾ ਵਾਅਦਾ
ਲੈ ਅੱਜ ਪੂਰਾ ਕਰਕੇ ਚੱਲੇ ਆਂ..!
ਤੂੰ ਦਿਲ ਤੇ ਨਾ ਲਾਈਂ ਮੇਰੀਆਂ ਗੱਲਾਂ ਨੂੰ
ਅਸੀਂ ਕਮਲੇ..ਦੀਵਾਨੇ ਤੇ ਅਸੀਂ ਹੀ ਝੱਲੇ ਆਂ..!

ਤੂੰ ਸਾਫ਼ ਸੀ ਨਿਰਮਲ ਸੀ
ਕਿਸੇ ਪਾਕ ਪਵਿੱਤਰ ਰੂਹ ਵਾਂਗਰ
ਤਾਂਹੀ ਅਸੀਂ ਬਹੁਤਾ ਚਾਹ ਬੈਠੇ ;
ਤੇਰੇ ਤਾਂ ਦਿਲ ਵਿੱਚ ਕੁਝ ਹੈ ਈ ਨੀ ਸੀ ਯਾਰਾ
ਬਸ ਅਸੀਂ ਹੀ ਤੇਰੀਆਂ ਗੱਲਾਂ ਨੂੰ ਪਿਆਰ ਬਣਾ ਬੈਠੇ..!

ਦੋਸ਼ੀ ਮੰਨਿਆ ਐ ਖੁਦ ਨੂੰ
ਤੈਨੂੰ ਤਾਂ ਰੱਬ ਦੇ ਥਾਂ ਰੱਖਿਆ ਐ
ਯਾਦ ਏ ਤੈਨੂੰ..??
ਐਵੇਂ ਹੀ ਇੱਕ ਵਾਰ ਮਿਲਣ ਦੀ ਗੱਲ ਕਰੀ ਸੀ ਤੂੰ
ਮੈਂ ਤਾਂ ਓਹ ਅਰਮਾਨ ਵੀ ਜਿੰਦਰੇ ਲਾ ਕੇ ਰੱਖਿਆ ਐ..!!

ਤੂੰ ਫ਼ਿਕਰ ਕਰੀਂ ਨਾ ਮੇਰੀ
ਮੈਂ ਆਪੇ ਹੀ ਸੰਭਲ ਜਾਣਾ ਏ..!

ਉਹ ਆਪਣੇ ਆਲੇ ਦਾ ਖਿਆਲ ਰੱਖੀਂ ਸੱਚ
ਜੀਹਦੇ ਨਾਲ ਤੂੰ ਕੈਨੇਡਾ ਜਾਣਾ ਏ..!!

**ਰਬਾਬਪ੍ਰੀਤ ਕੌਰ**
**ਇੰਸਟਾਗ੍ਰਾਮ : RABABPREET7**

# ਮਹਿਫ਼ਿਲ ਲੱਗੀ ਤੇ ਤੇਰੀ ਗੱਲ ਹੋਈ

ਮਹਿਫ਼ਿਲ ਲੱਗੀ ਤੇ ਤੇਰੀ ਗੱਲ ਹੋਈ
ਗੱਲ ਹੋਈ ਬੇਵਫ਼ਾਈ ਦੀ,
ਤੇਰਾ ਮਿਲਣਾ ਕਿੰਨਾ ਸੋਹਣਾ ਪਲ ਸੀ
ਹੁਣ ਕਿਵੇਂ ਦੱਸਾਂ ਗੱਲ ਜੁਦਾਈ ਦੀ,

ਪਹਿਲਾਂ ਪਹਿਲਾਂ ਮੈਨੂੰ ਲੱਗਾ
ਤੇਰੇ ਨਾਲੋਂ ਵੱਧ ਕੋਈ ਨਹੀਂ ਸੋਹਣਾ
ਫਿਰ ਮੈਨੂੰ ਲੱਗਾ ਤੇਰਾ ਮਿਲਣਾ
ਕੋਈ ਰੱਬ ਦਾ ਕ੍ਰਿਸ਼ਮਾ ਹੋਣਾ

ਤੇਰੇ ਨਾਲ਼ ਨਾਲ਼ ਰਹਿਣਾ
ਤੈਨੂੰ ਦੇਖਣ ਦੀ ਲੱਗੀ ਰਹਿੰਦੀ ਸੀ ਤਾਂਘ,
ਫਿਰ ਹੌਲ਼ੀ ਹੌਲ਼ੀ ਤੂੰ ਬਦਲਣਾ
ਸ਼ੁਰੂ ਕੀਤਾ ਗਿਰਗਿਟ ਦੇ ਵਾਂਗ,

ਪਿਆਰ ਨਹੀਂ ਕਰਨਾ ਕੋਈ ਗੱਲ ਨੀ
ਬਸ ਇੱਕ ਗੱਲ ਯਾਦ ਰੱਖੋ
ਕਦੇ ਵੀ ਕਿਸੇ ਦੀ ਆਤਮਾ ਨਹੀਂ ਦੁਖਾਈ ਦੀ,
ਮਹਿਫ਼ਿਲ ਲੱਗੀ ਤੇ ਤੇਰੀ ਗੱਲ ਹੋਈ
ਗੱਲ ਹੋਈ ਬੇਵਫ਼ਾਈ ਦੀ,

ਤੇਰਾ ਮਿਲਣਾ ਕਿੰਨਾ ਸੋਹਣਾ ਪਲ ਸੀ
ਹੁਣ ਕਿਵੇਂ ਦੱਸਾਂ ਗੱਲ ਜੁਦਾਈ ਦੀ,

ਕਿੰਨੇ ਦਿੱਤੇ ਸੀ ਤੋਹਫ਼ੇ ਇੱਕ ਦੂਜੇ ਨੂੰ
ਜੋ ਹੁਣ ਤੜਫਾ ਰਹੇ ਨੇ,
ਬੇਜ਼ੁਬਾਨ ਹੋ ਕੇ ਵੀ ਜੋ ਖੁਸ਼ੀ ਦਿੰਦੇ ਸੀ
ਹੁਣ ਉਹੀ ਦਿਲ ਦੁਖਾ ਰਹੇ ਨੇ

ਕਿਵੇਂ ਪਾੜ ਦਿਆਂ ਹੁਣ ਉਹ
ਜੋ ਕਵਿਤਾਵਾਂ ਲਿਖ ਪੰਨੇ ਭਰੇ ਪਏ ਨੇ,
ਕਿਵੇਂ ਸੁਣਾਵਾਂ ਉਹ ਪਿਆਰ ਦੀਆਂ ਬਾਤਾਂ
ਮੇਰੇ ਹਾਸੇ ਬੇਵਫ਼ਾਈ ਦੀ ਅੱਗ ਨਾਲ ਸੜੇ ਪਏ ਨੇ,

ਇੱਕ ਵਾਰ ਤੇ ਦੱਸਦਾ ਕੀ ਵਜ੍ਹਾ ਸੀ
ਜੋ ਪਿਆ ਤੈਨੂੰ ਮੈਨੂੰ ਛੱਡਣਾ,
ਤੂੰ ਹੀ ਤੇ ਸਿਖਾਇਆ ਸੀ ਮੈਨੂੰ
ਮਿਲ ਕੇ ਮੁਸੀਬਤਾਂ ਦਾ ਹੱਲ ਕੱਢਣਾ ,

ਤੇਰਾ ਮੈਨੂੰ ਸੁਣਾਉਣਾ ਤੇ ਸਮਝਾਉਣਾ ,
ਕਵਿਤਾਵਾਂ ਲਿਖ ਲਿਖ ਇੱਕ ਦੂਜੇ ਨੂੰ ਦਿਖਾਉਣਾ ,
ਹੁਣ ਹੋਰਾਂ ਦੀ ਬੁੱਕਲ ਚ ਬੈਠ
ਗੱਲ ਕਰਦੀ ਏ ਕਵਿਤਾ ਦੀ ਡੂੰਘਾਈ ਦੀ ,

ਮਹਿਫ਼ਿਲ ਲੱਗੀ ਤੇ ਤੇਰੀ ਗੱਲ ਹੋਈ
ਗੱਲ ਹੋਈ ਬੇਵਫ਼ਾਈ ਦੀ,
ਤੇਰਾ ਮਿਲਣਾ ਕਿੰਨਾ ਸੋਹਣਾ ਪਲ ਸੀ
ਹੁਣ ਕਿਵੇਂ ਦੱਸਾਂ ਗੱਲ ਜੁਦਾਈ ਦੀ

**ꕥ✿✿ ਲਵਲੀ ਪਠਲਾਵਾ ✿✿ꕥ**

**ਇੰਸਟਾਗ੍ਰਾਮ : LOVELYPATHLAWA**

# ਕਵਿਤਾ ਵਰਗੀ

ਮੈਂ ਫੁੱਲ ਲਗਾਏ ਉਹਦੇ ਲਈ
ਪਰ ਮਹਿਕ ਕਿੱਥੋਂ ਲਿਆਂਵਾਂ,

ਉਹ ਖ਼ੁਦ ਗੁਰਮੁਖੀ ਦੇ ਅੱਖਰਾਂ ਵਰਗੀ
ਮੈਂ ਕਵਿਤਾ ਕਿਵੇਂ ਬਣਾਵਾਂ,

ਕਦੇ ਤਾਂ ਉਹ ਆਵੇਗੀ ਸਾਡੇ ਰਾਹਾਂ ਵੱਲ
ਗੁਰੀ" ਤੇ ਲਵਲੀ ਕਰਦੇ ਸੀ ਫੁੱਲਾਂ ਨਾਲ਼ ਸਲਾਹਾਂ

ਉਹ ਰਹਿੰਦੀ ਸਾਡੇ ਤੋਂ ਦੂਰ ਦੂਰ
ਹੁਣ ਦਿਲ ਦੀ ਗੱਲ ਕਿਵੇਂ ਸੁਣਾਵਾਂ ,

ਮੈਂ ਫੁੱਲ ਲਗਾਏ ਉਹਦੇ ਲਈ
ਪਰ ਮਹਿਕ ਕਿੱਥੋਂ ਲਿਆਂਵਾਂ,

ਉਹ ਖ਼ੁਦ ਗੁਰਮੁਖੀ ਦੇ ਅੱਖਰਾਂ ਵਰਗੀ
ਮੈਂ ਕਵਿਤਾ ਕਿਵੇਂ ਬਣਾਵਾਂ,


꧁❀❀ **ਲਵਲੀ ਪਠਲਾਵਾ** ❀❀꧂

**ਇੰਸਟਾਗ੍ਰਾਮ : LOVELYPATHLAWA**

# ਬਦਲ ਰਿਹਾ ਮੇਰਾ ਪੰਜਾਬ

ਅੱਜ ਪੰਜਾਬ ਦਾ ਹਾਲ ਦੇਖ ਬਹੁਤ ਉਦਾਸ ਹਾਂ ਮੈਂ
ਕਿੱਥੇ ਜਾ ਰਿਹਾ ਇਹ ਪੰਜਾਬ
ਇਹ ਸੋਚਕੇ ਬਹੁਤ ਉਦਾਸ ਹਾਂ ਮੈਂ
ਸਿੱਖ ਗੁਰੂ ਦੀ ਧਰਤੀ ਦਾ ਕੀ ਹਾਲ ਹੋ ਗਿਆ ਇਹ ਸੋਚਕੇ ਬਹੁਤ ਪਰੇਸ਼ਾਨ ਹਾਂ ਮੈਂ
ਕਿੱਥੇ ਜਾ ਰਿਹਾ ਪੰਜਾਬ ਦਾ ਸੱਭਿਆਚਾਰ ਇਹ ਦੇਖ ਕੇ ਹੈਰਾਨ ਹਾਂ ਮੈਂ
ਨੌਜਵਾਨਾਂ ਨੂੰ ਨਸ਼ਿਆਂ ਚ ਧੁੱਤ ਦੇਖ ਕੇ ਬਹੁਤ ਉਦਾਸ ਹਾਂ ਮੈਂ
ਇੱਕ ਦੂਜੇ ਦੇ ਵੈਰੀ ਬਣ ਰਹੇ ਭਾਈਆਂ ਦਾ ਹਾਲ ਵੇਖ ਕੇ ਨਿਰਾਸ਼ ਹਾਂ ਮੈਂ
ਜਿੱਥੇ ਕਦੇ ਬੈਠ ਮੰਜੇ ਗਲੀਆਂ ਵਿੱਚ ਡਾਹ ਕੇ ਗੱਲਾਂ ਮਾਰਦੇ ਸੀ
ਅੱਜ ਉਹ ਗਲੀਆਂ ਵੀ ਸੁੰਨੀਆਂ ਤੇ ਮੰਜੇ ਵੀ ਨਿਰਾਸ਼ ਨੇ
ਜਿੱਥੇ ਛੋਟੇ ਬੱਚੇ ਸ਼ਾਮ ਨੂੰ ਇਕੱਠੇ ਹੱਸਦੇ ਖੇਡ ਦੇ ਹੁੰਦੇ ਸੀ
ਅੱਜ ਉਹ ਵੀ ਰਾਹ ਸੁੰਨੇ ਨੇ
ਫੋਨਾਂ ਦੇ ਸ਼ਿਕਾਰ ਹੋਏ ਬੱਚੇ ਖੇਡਾਂ ਭੁੱਲਕੇ ਘਰੇ ਫੋਨਾਂ ਵਿੱਚ ਵੜੇ ਨੇ
ਪਿੰਡਾਂ ਦਿਆਂ ਪਿੱਪਲਾਂ ਨੂੰ ਖਾਲੀ ਵੇਖ ਕੇ ਬਹੁਤ ਨਿਰਾਸ਼ ਹਾਂ ਮੈਂ
ਕਿੰਨਾ ਕੁਝ ਬਦਲ ਗਿਆ ਪੰਜਾਬ ਚ
ਪੰਜਾਬ ਦਾ ਹਾਲ ਵੇਖ ਕੇ ਅੱਜ ਬਹੁਤ ਉਦਾਸ ਹਾਂ ਮੈਂ

**ਦੀਕਸ਼ਾ ਸ਼ਰਮਾ**

**ਇੰਸਟਾਗ੍ਰਾਮ : DISHU7343**

# ਤੇਰੇ ਤੋਂ ਸੰਭਾਲ ਨੀ ਹੋਇਆ

ਮੈ ਦਿਲ ਲਾਇਆ ਤੇਰੇ ਨਾਮ ਸੱਜਣਾ
ਪਰ ਤੇਰੇ ਤੋਂ ਸੰਭਾਲ ਨੀ ਹੋਇਆ
ਤੇਰੇ ਜਾਣ ਪਿੱਛੋਂ,
ਮੈਨੂੰ ਕਿਸੇ ਨਾਲ ਪਿਆਰ ਨੀ ਹੋਇਆ

ਹੱਸ ਕੇ ਟਾਲ ਦੇਈ ਦੀ ਹੁਣ ਹਰ ਗੱਲ ਤੇਰੀ
ਪਿਆਰ ਕਰਨ ਦੀ ਗਲਤੀ ਵੀ ਤਾਂ ਸੀ ਮੇਰੀ
ਇੱਕ ਗੱਲ ਦੱਸਾਂ ਤੈਨੂੰ
ਬਾਆਦ ਤੇਰੇ ਮੈਨੂੰ ਕਿਸੇ ਹੋਰ ਤੇ ਵਿਸ਼ਵਾਸ ਨੀ ਹੋਇਆ
ਤੇਰੇ ਜਾਣ ਪਿੱਛੋਂ
ਮੈਨੂੰ ਕਿਸੇ ਨਾਲ ਪਿਆਰ ਨੀ ਹੋਇਆ

ਉਡੀਕ ਤੈਨੂੰ ਵਾਰ ਵਾਰ ਅੱਖਾਂ ਮੇਰੀਆਂ ਵੀ ਥੱਕੀਆਂ
ਪਰ ਲੱਗਦਾ ਰਹਿੰਦਾ ਇਹ ਕਿਉਂ ਨੀ ਅੱਕੀਆਂ
ਹੁਣ ਮੈਨੂੰ ਯਾਦ ਕਰਨ ਦੀਆਂ ਆਸਾਂ ਵੀ ਮੁੱਕੀਆਂ
ਪਰ ਮੇਰੇ ਵੱਲ ਇਹ ਹਲੇ ਵੀ ਨੀ ਰੁਕੀਆਂ

ਹੁਣ ਮੇਰੀਆਂ ਵੀ ਗੱਲਾਂ ਖਤਮ ਹੋ ਚੱਲੀਆਂ
ਤੇਰੇ ਜਾਣ ਪਿੱਛੋਂ , ਮੈਨੂੰ ਕਿਸੇ ਨਾਲ ਪਿਆਰ ਨੀ ਹੋਇਆ

ਤੈਨੂੰ ਦਿੱਤਾ ਸੀ ਦਿਲ ਪਰ
ਤੇਰੇ ਤੋਂ ਸੰਭਾਲ ਨੀ ਹੋਇਆ

ꕥ **ਜਸਪ੍ਰੀਤ ਬਰਾੜ** ꕥ
**ਈਮੇਲ : JBRAR2807@GMAIL.COM**

# ਤਨਹਾਈ

ਨੀਂਦ ਤਾਂ ਆਉਂਦੀ ਸੀ
ਪਰ ਯਾਦਾਂ ਨੂੰ ਲੈ ਬੈਠੀ
ਕਿੰਝ ਕਰਾਂ ਮੈਂ ਬਿਆਨ
ਆਪਣੀ "ਤਨਹਾਈ" ਨੂੰ
ਝੱਲ ਰਹੀ ਹਾਂ ਹੁਣ ਤੱਕ
ਕੀਤੀ ਸਭ ਦੀ ਬੇਵਫ਼ਾਈ ਨੂੰ

ਹੁਣ ਮੈਂ ਤੇ ਮੇਰੀ "ਤਨਹਾਈ" ਹੈ
ਇਹ ਜ਼ਿੰਦਗੀ ਵੀ ਪਰਾਈ ਹੈ
ਜ਼ਿੰਦਗੀ ਦੇ ਰਾਹਾਂ ਵਿੱਚ ਹਰ
ਕਦਮ ਕਦਮ ਤੇ "ਤਨਹਾਈ" ਹੈ
ਕੋਈ ਨਹੀਂ ਨਾਲ਼ ਮੇਰੇ
ਬਸ ਤੇਰੀ ਬੇਵਫ਼ਾਈ ਹੈ

ਤੇਰੇ ਹੁੰਦੇ ਵੀ "ਤਨਹਾਈ" ਮਿਲੀ
ਵਫ਼ਾ ਕਰਕੇ ਵੀ ਬੁਰਾਈ ਮਿਲੀ
ਪਰ ਇਕ ਗੱਲ ਆਸਾਨ ਹੋਈ
ਆਪਣੇ ਪਰਾਏ ਦੀ ਪਹਿਚਾਣ ਹੋਈ

ਇਹ ਦੁਨੀਆ ਹੈ ਰਵਾਉਣ ਲਈ
"ਤਨਹਾਈ" ਹੈ ਸਤਾਉਣ ਲਈ
ਦਿਲ ਕਰੇ ਮੌਤ ਆ ਜਾਵੇ
ਹੁਣ ਮਨ ਨਹੀਂ ਕਰਦਾ
ਇਹ ਜ਼ਿੰਦਗੀ ਹੰਢਾਉਣ ਨੂੰ

**⁘◦❀❀ ਕੌਰ ਸੰਧੂ ❀❀◦⁘**

**ਇੰਸਟਾਗ੍ਰਾਮ: KAUR.SANDHU.26**

# ਪੰਜਾਬ ਜਿਹੀ

ਕਹਿੰਦਾ ! ਤੂੰ ਲਹਿੰਦੇ ਪੰਜਾਬ ਜਿਹੀ ਐ
ਬੁੱਲ੍ਹੇ ਦੀ ਲਿਖੀ ਕਾਫੀ ,ਤੇ ਸ਼ਿਵ ਦੀ
ਕਿਤਾਬ ਜਿਹੀ ਐ...!

ਗੁੱਸਾ ਮਾਰੇ ਛੱਲਾਂ ਸਤਲੁਜ ਜਿਹਾ
ਠੰਡੀ ਠਾਰ ਰਾਵੀ ਤੇ ਸੋਹਣੀ ਸੁਨੱਖੀ
ਝਨਾਬ ਜਿਹੀ ਐ...!

ਰੌਣਕੀ ਲੱਗੇ ਸੁਭਾਅ ਅੜੀਏ ਰੱਤੀ ਝੂਠ ਨਾ
ਮਾਸ਼ਾ ਅੱਲ੍ਹਾ ਸੱਚ ਆਖਾਂ ਤਾਂ
ਪੰਜ ਆਬ ਜਿਹੀ ਐ....!

ਝਲਕ ਪਵੇ ਤੇਰੇ ਚੋਂ ਮੈਨੂੰ ਅੰਮੀ ਦੀ
ਮਹਿਕ ਖਿਲਾਰੇ ਤੂੰ ਵਿਰਸੇ ਦੀ
ਕੁੜੀਏ ! ਤੂੰ ਗੁਲਾਬ ਜਿਹੀ ਐ....!

ਪਹਿਲਾਂ ਤੋਲੇ,ਤੇ ਫਿਰ ਤੋਲ ਕੇ ਬੋਲੇਂ
ਕੀ ਸਿਫ਼ਤ ਕਰਾਂ, ਬੋਲੀ ਤੇਰੀ
ਬਾਣੀਏ ਦੇ ਹਿਸਾਬ ਜਿਹੀ ਐ...!


**ਰਾਜਵਿੰਦਰ ਕੌਰ**

ਇੰਸਟਾਗ੍ਰਾਮ: KAUR_RAJWINDER104

# ਸੰਦੇਸ਼

ਤੁਸੀਂ ਇਸ ਕਿਤਾਬ ਦੀਆਂ ਰਚਨਾਵਾਂ ਨਾਲ ਸੰਬੰਧਿਤ ਆਪਣਾ ਰੀਵਿਊ ਲੇਖਕ ਨੂੰ ਨਿੱਜੀ ਤੌਰ ਤੇ ਮੈਸੇਜ ਜਾਂ ਈਮੇਲ ਕਰ ਕੇ ਦੇ ਸਕਦੇ ਹੋ। ਜੇਕਰ ਤੁਸੀਂ ਇਸ ਕਿਤਾਬ ਦੇ ਅਗਲੇ ਭਾਗ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਆਪਣੀਆਂ ਰਚਨਾਵਾਂ ਈਮੇਲ ਜਾਂ ਵਟਸਐਪ ਤੇ ਭੇਜ ਸਕਦੇ ਹੋ।

ਟੀਮ ਡਿਜੀਟਲ ਕਲਮਾਂ ਵਾਲੇ

---

www.punjabilibrary.com

---

# ਡਿਜੀਟਲ ਕਲਮਾਂ ਵਾਲੇ

## ਅਗਸਤ 2024



www.punjabilibrary.com


+91 97796 70711 & +91 94631 76038

digitalkalmanwale@gmail.com